Washington Office of Superintendent of
PUBLIC INSTRUCTION

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ

**2023**

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ

*ਇਨਡਿਵਿਜੁਅਲਸ ਵਿਦ ਡਿਸਐਬਿਲਿਟੀਜ ਐਜੂਕੇਸ਼ਨ ਐਕਟ* **(Individuals with Disabilities Education Act),** *ਫੈਡਰਲ ਰੈਗੂਲੇਸ਼ਨਸ* **(Federal Regulations)** *ਦੇ ਪਾਰਟ ਬੀ* **(Part B)** *ਅਤੇ ਵਿਸ਼ੇਸ਼ ਸਿੱਖਿਆ ਨੂੰ ਸੰਚਾਲਿਤ ਕਰਨ ਵਾਲੇ ਸਟੇਟ ਦੇ ਨਿਯਮਾਂ ਦੇ* **(State Rules Governing Special Education)** *ਅਧੀਨ ਲੋੜਾਂ*

## ਅਗਸਤ 2023ਡਾ. ਤਾਨੀਆ ਮੇਅ

## ਵਿਸ਼ੇਸ਼ ਸਿੱਖਿਆ ਦੇ ਸਹਾਇਕ ਸੁਪਰਡੈਂਟ


**ਤਿਆਰ ਕੀਤਾ ਗਿਆ:**

- **ਵਿਸ਼ੇਸ਼ ਸਿੱਖਿਆ**
  speced@k12.wa.us | 360-725-6075


Washington Office of Superintendent of
PUBLIC INSTRUCTION

# ਵਿਸ਼ਾ - ਸੂਚੀ


ਆਮ ਜਾਣਕਾਰੀ ........ 6
ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ ........ 6
ਪੂਰਵ ਲਿਖਤੀ ਨੋਟਿਸ ........ 6
ਮੂਲ ਭਾਸ਼ਾ ........ 7
ਇਲੈਕਟ੍ਰਾਨਿਕ ਮੇਲ ........ 7
ਮਾਪਿਆਂ ਦੀ ਸਹਿਮਤੀ - ਪਰਿਭਾਸ਼ਾ ........ 7
ਮਾਪਿਆਂ ਦੀ ਸਹਿਮਤੀ - ਲੋੜਾਂ ........ 8
ਅਰੰਭਿਕ ਮੁਲਾਂਕਣ ਲਈ ਸਹਿਮਤੀ ........ 8
ਸਟੇਟ ਦੇ ਵਾਰਡਾਂ ਦੇ ਅਰੰਭਿਕ ਮੁਲਾਂਕਣ ਲਈ ਵਿਸ਼ੇਸ਼ ਨਿਯਮ ........ 8
ਅਰੰਭਿਕ ਸੇਵਾਵਾਂ ਲਈ ਮਾਪਿਆਂ ਦੀ ਸਹਿਮਤੀ ਅਤੇ ਜਾਰੀ ਸੇਵਾਵਾਂ ਲਈ ਸਹਿਮਤੀ ਦੀ ਵਾਪਸੀ ........ 9
ਦੁਬਾਰਾ ਮੁਲਾਂਕਣ ਲਈ ਮਾਪਿਆਂ ਦੀ ਸਹਿਮਤੀ ........ 9
ਮਾਪਿਆਂ ਦੀ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ ........ 10
ਸਹਿਮਤੀ ਸੰਬੰਧੀ ਹੋਰ ਜਾਣਕਾਰੀ ........ 10
ਸੁਤੰਤਰ ਸਿੱਖਿਆ ਸੰਬੰਧੀ ਮੁਲਾਂਕਣ ........ 10
ਪਰਿਭਾਸ਼ਾਵਾਂ ........ 10
ਜਨਤਕ ਖਰਚੇ 'ਤੇ IEE ਵਾਸਤੇ ਮਾਤਾ/ਪਿਤਾ ਦਾ ਹੱਕ ........ 10
ਮਾਤਾ/ਪਿਤਾ ਵੱਲੋਂ ਸ਼ੁਰੂ ਕੀਤੇ ਮੁਲਾਂਕਣ ........ 11
ਪ੍ਰਬੰਧਕੀ ਕਾਨੂੰਨ ਜੱਜਾਂ (Administrative Law Judges, ALJ) ਵੱਲੋਂ ਮੁਲਾਂਕਣ ਲਈ ਮੰਗਾਂ ........ 11
ਜ਼ਿਲ੍ਹੇ ਦਾ ਮਾਪਦੰਡ ........ 11
ਜਾਣਕਾਰੀ ਪਰਿਭਾਸ਼ਾਵਾਂ ਦੀ ਗੁਪਤਤਾ ........ 11
ਨਿਜੀ ਰੂਪ ਨਾਲ ਪਛਾਣਨਯੋਗ ........ 11
ਮਾਪਿਆਂ ਲਈ ਨੋਟਿਸ ........ 12
ਪਹੁੰਚ ਸੰਬੰਧੀ ਹੱਕ ........ 12
ਪਹੁੰਚ ਦਾ ਰਿਕਾਰਡ ........ 12
ਇੱਕ ਤੋਂ ਵੱਧ ਬੱਚਿਆਂ ਬਾਰੇ ਰਿਕਾਰਡ ........ 12
ਜਾਣਕਾਰੀ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ ........ 13
ਫੀਸ ........ 13
ਮਾਤਾ/ਪਿਤਾ ਦੀ ਬੇਨਤੀ 'ਤੇ ਰਿਕਾਰਡਾਂ ਵਿੱਚ ਸੋਧ ........ 13
ਇੱਕ ਸੁਣਵਾਈ ਦਾ ਮੌਕਾ, ਸੁਣਵਾਈ ਪ੍ਰਕਿਰਿਆਵਾਂ, ਅਤੇ ਸੁਣਵਾਈ ਦੇ ਨਤੀਜੇ ........ 13
ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੇ ਪ੍ਰਗਟਾਵੇ ਲਈ ਸਹਿਮਤੀ ........ 13
ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਲਈ ਸੁਰੱਖਿਆ ਉਪਾਅ ........ 14
ਜਾਣਕਾਰੀ ਨੂੰ ਨਸ਼ਟ ਕਰਨਾ, ਰੱਖਣਾ, ਅਤੇ ਸਾਂਭਣਾ ........ 14
ਵਿਸ਼ੇਸ਼ ਸਿੱਖਿਆ ਵਿਵਾਦ ਹੱਲ ਪ੍ਰਕਿਰਿਆਵਾਂ ........ 14
ਵਿਚੋਲਗੀ ........ 14
ਸਧਾਰਨ ........ 14
ਵਿਚੋਲੇ ਦੀ ਨਿਰਪੱਖਤਾ ........ 15
ਵਿਚੋਲਗੀ ਵਿਚ ਹੋਏ ਇਕਰਾਰਨਾਮੇ ........ 15
ਵਿਸ਼ੇਸ਼ ਸਿੱਖਿਆ ਭਾਈਚਾਰਕ ਸ਼ਿਕਾਇਤ ਤਫ਼ਤੀਸ਼ਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿਚਕਾਰ ਅੰਤਰ ........ 15
ਭਾਈਚਾਰਕ ਸ਼ਿਕਾਇਤ ਪ੍ਰਕਿਰਿਆਵਾਂ ........ 15
ਸ਼ਿਕਾਇਤ ਫਾਈਲ ਕਰਨਾ ........ 16
ਸ਼ਿਕਾਇਤ ਦੀ ਜਾਂਚਾਂ ........ 16
ਤਫ਼ਤੀਸ਼, ਵਿਸਤਾਰ, ਲਿਖਤੀ ਫੈਸਲਾ ........ 16
ਸ਼ਿਕਾਇਤ ਦੇ ਹੀਲੇ ........ 16
ਵਿਸ਼ੇਸ਼ ਸਿੱਖਿਆ ਭਾਈਚਾਰਕ ਸ਼ਿਕਾਇਤਾਂ ਅਤੇ ਮੁਨਾਸਬ ਪ੍ਰਕਿਰਿਆ ਦੀ ਸੁਣਵਾਈ ........ 17
ਮੁਨਾਸਬ ਪ੍ਰਕਿਰਿਆ ਸੁਣਵਾਈਆਂ ........ 17
ਸਧਾਰਨ ........ 17

ਫਾਈਲ ਕਰਨਾ ... 17
ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ 'ਤੇ ਸੁਣਵਾਈ ਤੋਂ ਪਹਿਲਾਂ ਲੋੜੀਂਦਾ ਨੋਟਿਸ ... 17
ਸੁਣਵਾਈ ਮੰਗ ਦੀ ਉਪਯੁਕਤਤਾ ... 18
ਸੁਣਵਾਈ ਮੰਗ ਦਾ ਸੋਧ ... 18
ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਜ਼ਿਲ੍ਹੇ ਦਾ ਜਵਾਬ ... 18
ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਹੋਰ ਪਾਰਟੀ ਦਾ ਜਵਾਬ ... 18
ਮਾਡਲ ਫਾਰਮ ... 18
ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਵਿਚਾਰ ਅਧੀਨ ਹੋਣ ਵੇਲੇ ਵਿਦਿਆਰਥੀ ਦੀ ਪਲੇਸਮੈਂਟ ... 19
ਹੱਲ ਪ੍ਰਕਿਰਿਆ ... 19
ਹੱਲ ਮੀਟਿੰਗ ... 19
ਹੱਲ ਮਿਆਦ ... 20
30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਲਈ ਪ੍ਰਬੰਧ ... 20
ਲਿਖਤ ਨਿਪਟਾਰਾ ਇਕਰਾਰਨਾਮਾ ... 20
ਇਕਰਾਰਨਾਮਾ ਸਮੀਖਿਆ ਮਿਆਦ ... 20
ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ ... 20
ਸਧਾਰਨ ... 21
ਪ੍ਰਬੰਧਕੀ ਕਾਨੂੰਨ ਜੱਜ (ALJ) ... 21
ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਵਿਸ਼ਾ-ਵਸਤੂ ... 21
ਇੱਕ ਸੁਣਵਾਈ ਦੀ ਮੰਗ ਕਰਨ ਲਈ ਸਮਾਂ ਸੀਮਾ ... 21
ਸਮਾਂ ਸੀਮਾ ਵਿੱਚ ਛੋਟਾਂ ... 21
ਸੁਣਵਾਈ ਹੱਕ ... 21
ਸਧਾਰਨ ... 21
ਜਾਣਕਾਰੀ ਦਾ ਵਾਧੂ ਪ੍ਰਗਟਾਵਾ ... 22
ਸੁਣਵਾਈ ਦੇ ਸਮੇਂ ਮਾਪਿਆਂ ਦੇ ਹੱਕ ... 22
ਸੁਣਵਾਈਆਂ ਦੀਆਂ ਸਮਾਂ-ਸੀਮਾਵਾਂ ਅਤੇ ਸਹੂਲਤ ... 22
ਸੁਣਵਾਈ ਦੇ ਫੈਸਲੇ ... 22
ALJ ਦਾ ਫੈਸਲਾ ... 22
ਕੰਸਟ੍ਰਕਸ਼ਨ ਕਲਾਜ਼ ... 22
ਮੁਨਾਸਬ ਪ੍ਰਕਿਰਿਆ ਦੀ ਸੁਣਵਾਈ ਲਈ ਵੱਖਰੀ ਮੰਗ ... 23
ਸਲਾਹਕਾਰੀ ਪੈਨਲ ਅਤੇ ਆਮ ਜਨਤਾ ਲਈ ਨਤੀਜਾ ਅਤੇ ਫੈਸਲਾ ... 23
ਫੈਸਲੇ ਦੀ ਅੰਤਮ ਸਥਿਤੀ; ਅਪੀਲ ... 23
ਸਿਵਲ ਕਾਰਵਾਈਆਂ, ਉਸ ਸਮੇਂ ਦੀ ਮਿਆਦ ਸਮੇਤ, ਜਿਸ ਵਿੱਚ ਉਹ ਕਾਰਵਾਈਆਂ ਫਾਈਲ ਕਰਨੀਆਂ ਹਨ ... 23
ਸਧਾਰਨ ... 23
ਸਮਾਂ ਸੀਮਾ ... 23
ਵਾਧੂ ਪ੍ਰਕਿਰਿਆਵਾਂ ... 23
ਕੰਸਟ੍ਰਕਸ਼ਨ ਨਿਯਮ ... 23
ਅਟਾਰਨੀ ਦੀ ਫੀਸ ... 24
ਸਧਾਰਨ ... 24
ਫੀਸ ਦਾ ਅਦਾਲਤੀ ਫੈਸਲਾ ... 24
ਵਿਸ਼ੇਸ਼ ਸਿੱਖਿਆ ਲਈ ਪਾਤਰ ਵਿਦਿਆਰਥੀਆਂ ਲਈ ਅਨੁਸ਼ਾਸਨ ਪ੍ਰਕਿਰਿਆਵਾਂ ... 25
ਸਕੂਲ ਦੇ ਕਰਮਚਾਰੀਆਂ ਦਾ ਅਧਿਕਾਰ ... 25
ਕੇਸ-ਦਰ-ਕੇਸ ਨਿਰਧਾਰਨ ... 25
ਸਧਾਰਨ ... 25
ਅਨੁਸ਼ਾਸਨ ਸੰਬੰਧੀ ਸਥਾਨਾਂਤਰਣਾਂ ਦੇ ਕਾਰਨ ਪਲੇਸਮੈਂਟ ਵਿੱਚ ਤਬਦੀਲੀ ... 25
ਸੂਚਨਾ ... 26
ਸੇਵਾਵਾਂ ... 26
ਪ੍ਰਗਟਾਵਾ ਨਿਰਧਾਰਣ ... 26
ਇਹ ਨਿਰਧਾਰਨ ਕਰਨਾ ਕਿ ਵਿਵਹਾਰ ਵਿਦਿਆਰਥੀ ਦੀ ਅਪਾਹਜਤਾ ਦਾ ਪ੍ਰਗਟਾਵਾ ਸੀ ... 27

ਅਤਿਰਿਕਤ ਅਥਾਰਟੀ 27
ਵਿਸ਼ੇਸ਼ ਸਥਿਤਆਂ 27
ਪਰਿਭਾਸ਼ਾਵਾਂ 27
ਥਾਂ (ਸੈਟਿੰਗ) ਦਾ ਨਿਰਧਾਰਣ 27
ਪਲੇਸਮੈਂਟ ਦੇ ਫੈਸਲਿਆਂ ਅਤੇ ਪ੍ਰਗਟਾਵੇ ਦੇ ਨਿਰਧਾਰਨ ਦੀ ਅਪੀਲ (ਅਨੁਸ਼ਾਸਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਦੀਆਂ ਪ੍ਰਕਿਰਿਆਵਾਂ) 28
ਪ੍ਰਬੰਧਕੀ ਕਾਨੂੰਨ ਜੱਜ (ALJ) ਦੀ ਅਥਾਰਟੀ 28
ਮੁਨਾਸਬ ਪ੍ਰਕਿਰਿਆ ਛੇਤੀ ਸੁਣਵਾਈਆਂ ਦੇ ਦੌਰਾਨ 28
ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਲਈ ਅਜੇ ਪਾਤਰ ਨਾ ਹੋਣ ਵਾਲੇ ਵਿਦਿਆਰਥੀਆਂ ਲਈ ਬਚਾਉ 29
ਸਧਾਰਨ 29
ਅਨੁਸ਼ਾਸਨੀ ਮੁੱਦਿਆਂ ਲਈ ਜਾਣਕਾਰੀ ਦੇ ਆਧਾਰ 29
ਛੋਟ 29
ਸ਼ਰਤਾਂ ਜੋ ਤਦ ਲਾਗੂ ਹੁੰਦੀਆਂ ਹਨ ਜੇਕਰ ਗਿਆਨ ਦਾ ਕੋਈ ਅਧਾਰ ਨਹੀਂ ਹੁੰਦਾ 29
ਕਾਨੂੰਨ ਲਾਗੂ ਕਰਨ ਅਤੇ ਨਿਆਂਇਕ ਅਥਾਰਟੀਆਂ ਲਈ ਰੈਫਰਲ ਅਤੇ ਇਹਨਾਂ ਵੱਲੋਂ ਕਾਰਵਾਈ 29
ਰਿਕਾਰਡਾਂ ਦਾ ਭਿਜਵਾਈ 30
FAPE ਦਾ ਮੁੱਦਾ ਹੋਣ 'ਤੇ ਜਨਤਕ ਖਰਚੇ 'ਤੇ ਪ੍ਰਾਈਵੇਟ ਸਕੂਲਾਂ ਵਿਚਲੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਇਕਪਾਸੜ ਪਲੇਸਮੈਂਟ ਲਈ ਸ਼ਰਤਾਂ 30
ਪ੍ਰਾਈਵੇਟ ਸਕੂਲ ਪਲੇਸਮੈਂਟ ਲਈ ਅਦਾਇਗੀ 30
ਅਦਾਇਗੀ 'ਤੇ ਸੀਮਾ 30
ਸਰੋਤ 37
ਕਾਨੂੰਨੀ ਨੋਟਿਸ 37

# ਆਮ ਜਾਣਕਾਰੀ

2004 ਦੇ ਇਨਡਿਵਿਜੁਅਲਸ ਵਿਦ ਡਿਸਐਬਿਲਿਟੀਜ਼ ਐਕਟ (Individuals with Disabilities Education Act, IDEA) ਦੇ ਮੁਤਾਬਕ, ਅਪਾਹਜ ਵਿਦਿਆਰਥੀਆਂ ਦੀ ਸਿੱਖਿਆ ਨੂੰ ਤਵੱਜੋ ਦਿੰਦੇ ਹੋਏ ਸਕੂਲਾਂ ਲਈ ਤੁਹਾਨੂੰ, ਅਪਾਹਜ ਵਿਦਿਆਰਥੀ ਜਾਂ ਸ਼ੱਕੀ ਅਪਾਹਜਪੁਣੇ ਦੇ ਮਾਪਿਆਂ ਨੂੰ IDEA ਅਤੇ ਯੂ.ਐਸ. ਡਿਪਾਰਟਮੈਂਟ ਆਫ ਐਜੂਕੇਸ਼ਨ ਕੋਡ ਆਫ ਫੈਡਰਲ ਰੈਗੂਲੇਸ਼ਨਜ਼ (CFR) ਦੇ ਅਧੀਨ ਤੁਹਾਡੇ ਲਈ ਉਪਲਬਧ ਹੱਕਾਂ ਦਾ ਇੱਕ ਪੂਰੇ ਵੇਰਵੇ ਵਾਲਾ ਨੋਟਿਸ ਮੁਹੱਈਆ ਕਰਨਾ ਲਾਜ਼ਮੀ ਹੈ। ਆਫਿਸ ਆਫ ਸੁਪਰਿਨਟੈਂਡੈਂਟ ਆਫ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction, OSPI) ਦੇ ਵਿਸ਼ੇਸ਼ ਸਿੱਖਿਆ ਦੇ ਪ੍ਰਬੰਧ ਨੂੰ ਨਿਯੰਤਰਿਤ ਕਰਨ ਵਾਲੇ ਸਟੇਟ ਨਿਯਮ ਹਨ। ਇਹ ਨਿਯਮ ਚੈਪਟਰ 392-172A ਵਾਸ਼ਿੰਗਟਨ ਐਡਮਿਨਿਸਟ੍ਰੇਟਿਵ ਕੋਡ (Washington Administrative Code, WAC) ਵਿੱਚ ਦਿੱਤੇ ਗਏ ਹਨ। ਇਹ ਦਸਤਾਵੇਜ਼ ਜੂਨ 2009 ਵਿੱਚ ਸਸ਼ੋਧਿਤ ਕੀਤੇ, ਅਮਰੀਕੀ ਸਿੱਖਿਆ ਵਿਭਾਗ ਦੇ ਮਾਡਲ *ਵਿਸ਼ੇਸ਼ ਸਿੱਖਿਆ ਕਾਰਜਵਿਧੀ ਸੰਬੰਧੀ ਸੁਰੱਖਿਆ ਉਪਾਵਾਂ ਦੇ ਨੋਟਿਸ* ਦੇ ਅਨੁਕੂਲ ਹੈ।

ਇਹ ਨੋਟਿਸ ਮਾਪਿਆਂ, ਸਰੋਗੇਟ ਮਾਪਿਆਂ, ਅਤੇ ਬਾਲਗ ਵਿਦਿਆਰਥੀਆਂ ਲਈ ਹੈ। "ਤੁਹਾਡੇ" ਜਾਂ "ਮਾਤਾ/ਪਿਤਾ" ਅਤੇ "ਤੁਹਾਡੇ ਬੱਚੇ" ਦੇ ਹਵਾਲੇ ਸਰੋਗੇਟ ਮਾਪਿਆਂ ਅਤੇ ਬਾਲਗ ਵਿਦਿਆਰਥੀਆਂ 'ਤੇ ਵੀ ਲਾਗੂ ਹੁੰਦੇ ਹਨ। ਇਸ ਨੋਟਿਸ ਵਿੱਚ "ਸਕੂਲ ਡਿਸਟ੍ਰਿਕਟ" ਜਾਂ "ਡਿਸਟ੍ਰਿਕਟ" ਨੂੰ ਦਿੱਤੇ ਹਵਾਲੇ ਚਾਰਟਰ ਸਕੂਲਾਂ, ਅਤੇ ਹੋਰ ਜਨਤਕ ਏਜੰਸੀਆਂ, ਜਿਵੇਂ ਕਿ ਐਜੂਕੇਸ਼ਨਲ ਸਰਵਿਸ ਡਿਸਟ੍ਰਿਕਟ ਅਤੇ ਐਜੂਕੇਸ਼ਨਲ ਸਰਵਿਸ ਏਜੰਸੀਆਂ, ਨੂੰ ਸ਼ਾਮਲ ਕਰਦੇ ਹਨ।

ਵਿਸ਼ੇਸ਼ ਸਿੱਖਿਆ ਸੇਵਾਵਾਂ ਅਤੇ ਕਾਰਜਵਿਧੀ ਸੰਬੰਧੀ ਇਹਨਾਂ ਸੁਰੱਖਿਆ ਬਾਰੇ ਉਪਾਵਾਂ ਬਾਰੇ ਵਾਧੂ ਜਾਣਕਾਰੀ ਤੁਸੀਂ ਆਪਣੇ ਸਥਾਨਕ ਸਕੂਲ ਜ਼ਿਲ੍ਹੇ ਦੇ ਵਿਸ਼ੇਸ਼ ਸਿੱਖਿਆ ਡਾਰੇਕਟਰ, ਸਟੇਟ ਦੇ ਮਾਪੇ ਟ੍ਰੇਨਿੰਗ ਅਤੇ ਜਾਣਕਾਰੀ ਕੇਂਦਰ, ਸਸ਼ਕਤੀਕਰਨ ਲਈ ਐਕਸ਼ਨ ਵੌਇਸਸ (ਵਾਸ਼ਿੰਗਟਨ ਪੇਵ) ਲਈ ਭਾਈਵਾਲੀਆਂ ਜਾਂ OSPI ਰਾਹੀਂ ਸੰਪਰਕ ਕਰਕੇ ਪਾ ਸਕਦੇ ਹੋ। OSPI [ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction, OSPI) – ਵਿਸ਼ੇਸ਼ ਸਿੱਖਿਆ] ਵਿੱਚ ਵਿਸ਼ੇਸ਼ ਵਿਦਿਅਕ ਸੰਬੋਧਨ ਕਰਨ ਵਾਲਾ ਵੈਬ ਪੇਜ ਦਾ ਪ੍ਰਬੰਧ ਕਰਦਾ ਹੈ। ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਬਾਰੇ ਸਵਾਲਾਂ ਵਿੱਚ ਤੁਹਾਡੀ ਮਦਦ ਕਰਨ ਲਈ OSPI ਕੋਲ ਪ੍ਰੋਗਰਾਮ ਸੁਪਰਵਾਈਜ਼ਰ ਅਤੇ ਵਿਸ਼ੇਸ਼ ਸਿੱਖਿਆ ਦੇ ਮਾਤਾ/ਪਿਤਾ ਅਤੇ ਭਾਈਚਾਰਕ ਸੰਪਰਕ ਹਨ। ਤੁਸੀਂ OSPI, ਵਿਸ਼ੇਸ਼ ਸਿੱਖਿਆ ਨੂੰ 360-725-6075, OSPI TTY 360-664-3631, ਜਾਂ [OSPI ਵਿਸ਼ੇਸ਼ ਸਿੱਖਿਆ ਈਮੇਲ] ਤੇ ਸੰਪਰਕ ਕਰ ਸਕਦੇ ਹੋ।.

# ਕਾਰਜਵਿਧੀ ਸੰਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ

## 34 CFR §300.504; WAC 392-172A-05015

ਇਸ ਨੋਟਿਸ ਦੀ ਇੱਕ ਕਾਪੀ ਤੁਹਾਨੂੰ ਹਰ ਸਕੂਲੀ ਸਾਲ ਵਿੱਚ ਇੱਕ ਵਾਰ ਦਿੱਤੀ ਜਾਣੀ ਲਾਜ਼ਮੀ ਹੈ, ਅਤੇ: ਮੁਲਾਂਕਣ ਲਈ ਅਰੰਭਿਕ ਰੈਫਰਲ ਜਾਂ ਤੁਹਾਡੀ ਮੰਗ ਤੇ; ਡਿਸਟ੍ਰਿਕਟ ਨੂੰ ਇੱਕ ਸਕੂਲ ਸਾਲ ਵਿੱਚ ਤੁਹਾਡੀ ਪਹਿਲੀ ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਪ੍ਰਾਪਤੀ ਤੇ; ਡਿਸਟ੍ਰਿਕਟ ਨੂੰ ਇੱਕ ਸਕੂਲ ਸਾਲ ਵਿੱਚ ਤੁਹਾਡੀ ਪਹਿਲੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦੀ ਪ੍ਰਾਪਤੀ ਤੇ; ਜਦੋਂ ਇੱਕ ਅਨੁਸ਼ਾਸਨ ਸੰਬੰਧੀ ਕਾਰਵਾਈ ਕਰਨ ਲਈ ਫੈਸਲਾ ਜੋ ਪਲੇਸਮੈਂਟ ਵਿੱਚ ਤਬਦੀਲੀ ਕਰਦਾ ਹੈ, ਲਿਆ ਜਾਂਦਾ ਹੈ; ਅਤੇ, ਤੁਹਾਡੀ ਮੰਗ ਤੇ।

ਇਸ *ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੇ ਨੋਟਿਸ* ਵਿੱਚ ਜਨਤਕ ਖਰਚੇ ਤੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਤੁਹਾਡੇ ਬੱਚੇ ਦੀ ਇੱਕ-ਪੱਖੀ ਪਲੇਸਮੈਂਟ ਨਾਲ ਸਬੰਧਿਤ ਕਾਰਜਵਿਧੀ ਸਬੰਧੀ ਸਾਰੇ ਉਪਾਵਾਂ, ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਪ੍ਰਕਿਰਿਆਵਾਂ, ਸੂਚਿਤ ਸਹਿਮਤੀ, ਪਾਰਟ ਬੀ IDEA ਰੈਗੂਲੇਸ਼ਨਸ ਦੇ ਸਬਪਾਰਟ E ਵਿੱਚ ਦਿੱਤੇ ਗਏ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਅ ਅਤੇ ਪਾਰਟ ਬੀ IDEA ਰੈਗੂਲੇਸ਼ਨਸ ਦੇ ਸਬਪਾਰਟ F ਵਿੱਚ ਦਿੱਤੇ ਗਏ ਜਾਣਕਾਰੀ ਦੀ ਗੁਪਤਤਾ ਸਬੰਧੀ ਪ੍ਰਬੰਧਾਂ ਦਾ ਪੂਰਾ ਵੇਰਵਾ ਸ਼ਾਮਲ ਹੈ। ਡਿਸਟ੍ਰਿਕਟ ਇਸ ਨੋਟਿਸ ਦੀ ਵਰਤੋਂ ਕਰਨ ਜਾਂ ਮਾਪਿਆਂ ਲਈ ਆਪਣਾ ਖੁਦ ਦਾ *ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਸੰਬੰਧੀ ਉਪਾਵਾਂ ਦਾ ਨੋਟਿਸ* ਤਿਆਰ ਕਰਨ ਦੀ ਚੋਣ ਕਰ ਸਕਦੇ ਹਨ।

# ਪੂਰਵ ਲਿਖਤ ਨੋਟਿਸ

## 34 CFR §300.503; WAC 392-172A-05010

ਤੁਹਾਡੇ ਸਕੂਲੀ ਜ਼ਿਲ੍ਹੇ ਨੂੰ ਮਹੱਤਵਪੂਰਣ ਫੈਸਲਿਆਂ ਬਾਰੇ ਲਿਖਤੀ ਰੂਪ ਵਿੱਚ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਨੂੰ ਪ੍ਰਭਾਵਤ ਕਰਦੀਆਂ ਹਨ। ਇਸਨੂੰ ਪੂਰਵ ਲਿਖਤ ਨੋਟਿਸ ਕਿਹਾ ਜਾਂਦਾ ਹੈ ਅਤੇ ਇਹ ਇੱਕ ਅਜਿਹਾ ਦਸਤਾਵੇਜ਼ ਹੈ, ਜੋ ਉਹਨਾਂ ਫੈਸਲਿਆਂ ਨੂੰ ਦਰਸਾਉਂਦਾ ਹੈ ਜੋ ਮੀਟਿੰਗ ਵਿੱਚ ਲਏ ਗਏ ਸਨ ਜਾਂ ਤੁਹਾਡੇ ਵੱਲੋਂ ਕੀਤੀ ਗਈ ਮੰਗ ਦੇ ਜਵਾਬ ਵਿੱਚ ਡਿਸਟ੍ਰਿਕਟ ਵੱਲੋਂ ਲਏ ਗਏ ਸਨ। **ਡਿਸਟ੍ਰਿਕਟ ਨੇ ਫੈਸਲਾ ਲੈਣ ਤੋਂ ਬਾਅਦ ਤੁਹਾਨੂੰ ਇੱਕ ਪੂਰਵ ਲਿਖਤ ਨੋਟਿਸ ਭੇਜਣਾ ਹੁੰਦਾ ਹੈ, ਪਰੰਤੂ ਫੈਸਲਾ ਲਾਗੂ ਕਰਨ ਤੋਂ ਪਹਿਲਾਂ।** ਇਹ ਉਹ ਫੈਸਲੇ ਹਨ, ਜੋ ਤੁਹਾਡੇ ਬੱਚੇ ਲਈ ਇੱਕ ਮੁਫਤ ਮੁਨਾਸਬ ਜਨਤਕ ਸਿੱਖਿਆ ਦੀ ਪਛਾਣ, ਮੁਲਾਂਕਣ, ਪਲੇਸਮੈਂਟ ਜਾਂ ਪ੍ਰਬੰਧ ਨੂੰ ਅਰੰਭ ਕਰਨ ਜਾ ਬਦਲਣ ਲਈ ਪ੍ਰਸਤਾਵਾਂ ਜਾਂ ਨਾਮਨਜ਼ੂਰੀਆਂ ਨਾਲ ਸਬੰਧਿਤ ਹਨ।

ਇੱਕ ਪੂਰਵ ਲਿਖਤ ਨੋਟਿਸ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:

- ਡਿਸਟ੍ਰਿਕਟ ਕੀ ਕਰਨ ਦਾ ਪ੍ਰਸਤਾਵ ਰੱਖ ਰਿਹਾ ਹੈ ਜਾਂ ਕਿਸਨੂੰ ਨਾਮਨਜ਼ੂਰ ਕਰ ਰਿਹਾ ਹੈ;

- ਇਸ ਬਾਰੇ ਵੇਰਵਾ ਕਿ ਡਿਸਟ੍ਰਿਕਟ ਕਾਰਵਾਈ ਕਰਨ ਦਾ ਪ੍ਰਸਤਾਵ ਕਿਉਂ ਰੱਖ ਰਿਹਾ ਹੈ ਜਾਂ ਇਸਨੂੰ ਨਾਮਨਜਰ ਕਿਉਂ ਕਰ ਰਿਹਾ ਹੈ;
- ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program, IEP) ਟੀਮ ਵੱਲੋਂ ਵਿਚਾਰ ਕੀਤੇ ਗਏ ਕਿਸੇ ਵੀ ਹੋਰ ਵਿਕਲਪਾਂ ਅਤੇ ਉਹਨਾਂ ਕਾਰਨਾਂ ਦਾ ਵਰਣਨ ਕਿ ਉਹ ਵਿਕਲਪ ਨਾਮਨਜ਼ੂਰ ਕਿਉ ਕੀਤੇ ਗਏ ਸਨ;
- ਕਾਰਵਾਈ ਲਈ ਇੱਕ ਆਧਾਰ ਦੇ ਤੌਰ ਤੇ ਵਰਤੀ ਜਾਣ ਵਾਲੀ ਹਰੇਕ ਮੁਲਾਂਕਣ ਪ੍ਰਕਿਰਿਆ, ਮੁਲਾਂਕਣ ਰਿਕਾਰਡ ਜਾਂ ਰਿਪੋਰਟ ਦਾ ਵਰਣਨ;
- ਕਾਰਵਾਈ ਨਾਲ ਸਬੰਧਿਤ ਕਿਸੇ ਵੀ ਹੋਰ ਕਾਰਕਾਂ ਦਾ ਵੇਰਵਾ;
- ਅਰੰਭਿਕ ਮੁਲਾਂਕਣ ਅਤੇ ਕੋਈ ਵੀ ਦੁਬਾਰਾ ਮੁਲਾਂਕਣ ਕਰਨ ਲਈ ਡਿਸਟ੍ਰਿਕਟ ਜਿਸ ਕਿਸੇ ਵੀ ਮੁਲਾਂਕਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਦਾ ਹੈ, ਉਸਦਾ ਵੇਰਵਾ;
- ਇੱਕ ਸਟੇਟਮੈਂਟ ਕਿ ਮਾਪੇ ਇਸ ਕਿਤਾਬੜੀ ਵਿੱਚ ਦਿੱਤੇ ਗਏ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਨਾਲ ਸੁਰੱਖਿਅਤ ਹਨ;
- ਇਸ *ਵਿਸ਼ੇਸ਼ ਸਿੱਖਿਆ ਪ੍ਰਕਿਰਿਆਤਮਕ ਸੁਰੱਖਿਆ ਗਾਈਡ ਦੇ ਨੋਟਿਸ* ਕਿਤਾਬਚੇ ਦੀ ਕਾਪੀ ਤੁਸੀਂ ਕਿਵੇਂ ਪ੍ਰਾਪਤ ਕਰ ਸਕਦੇ ਹੋ, ਜਾਂ ਇਸ ਵਿਸ਼ੇਸ਼ ਸਿੱਖਿਆ ਪ੍ਰਕਿਰਿਆਤਮਕ ਸੁਰੱਖਿਆ *ਗਾਈਡ ਦੇ ਨੋਟਿਸ ਕਿਤਾਬਚੇ ਦੀ ਇੱਕ ਕਾਪੀ* ਸ਼ਾਮਲ ਕਰੋ ਜੋ ਤੁਹਾਨੂੰ ਇਹ ਪ੍ਰਦਾਨ ਨਾ ਕੀਤੀ ਗਈ ਹੋਵੇ, ਅਤੇ,
- ਤੁਹਾਡੇ ਲਈ ਇਹਨਾਂ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਨੂੰ ਸਮਝਣ ਵਿੱਚ ਮਦਦ ਪ੍ਰਾਪਤ ਕਰਨ ਲਈ ਸੰਪਰਕ ਕਰਨ ਦੇ ਸਰੋਤ।

ਤੁਹਾਨੂੰ ਇੱਕ ਪੂਰਵ ਲਿਖਤ ਨੋਟਿਸ ਕਦੋਂ ਪ੍ਰਾਪਤ ਹੋਵੇਗਾ, ਦੇ ਉਦਾਹਰਨ ਹਨ:
- ਡਿਸਟ੍ਰਿਕਟ ਤੁਹਾਡੇ ਬੱਚੇ ਦਾ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਕਰਨਾ ਚਾਹੁੰਦਾ ਹੈ ਜਾਂ ਡਿਸਟ੍ਰਿਕਟ ਤੁਹਾਡੇ ਬੱਚੇ ਦਾ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਨਾਮਨਜ਼ੂਰ ਕਰ ਰਿਹਾ ਹੈ।
- ਤੁਹਾਡੇ ਬੱਚੇ ਦੀ IEP ਜਾਂ ਪਲੇਸਮੈਂਟ ਵਿੱਚ ਤਬਦੀਲੀ ਕੀਤੀ ਜਾ ਰਹੀ ਹੈ।
- ਤੁਸੀ ਇੱਕ ਤਬਦੀਲੀ ਦੀ ਮੰਗ ਕੀਤੀ ਹੈ ਅਤੇ ਡਿਸਟ੍ਰਿਕਟ ਤਬਦੀਲੀ ਕਰਨ ਨੂੰ ਨਾਮਨਜ਼ੂਰ ਕਰ ਰਿਹਾ ਹੈ।
- ਤੁਸੀਂ ਡਿਸਟ੍ਰਿਕਟ ਨੂੰ ਲਿਖਤ ਨੋਟਿਸ ਦਿੱਤਾ ਹੈ ਕਿ ਤੁਸੀਂ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨ ਲਈ ਤੁਹਾਡੇ ਬੱਚੇ ਲਈ ਸਹਿਮਤੀ ਰੱਦ ਕਰ ਰਹੇ ਹੋ।

ਪੂਰਵ ਲਿਖਤ ਨੋਟਿਸ ਉਸ ਭਾਸ਼ਾ ਵਿੱਚ ਲਿਖਿਆ ਜਾਣਾ ਲਾਜਮੀ ਹੈ, ਜੋ ਆਮ ਜਨਤਾ ਨੂੰ ਸਮਝ ਵਿੱਚ ਆਉਣ ਵਾਲੀ ਹੋਵੇ ਅਤੇ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੀ ਹੋਰ ਵਿਧੀ ਵਿੱਚ ਮੁਹੱਈਆ ਕੀਤਾ ਜਾਣਾ ਲਾਜ਼ਮੀ ਹੈ, ਜੇ ਤੁਸੀਂ ਵਰਤਦੇ ਹੋ, ਜਦੋਂ ਤੱਕ ਕਿ ਸਪਸ਼ਟ ਰੂਪ ਨਾਲ ਅਜਿਹਾ ਕਰਨਾ ਸੰਭਵ ਨਾ ਹੋਵੇ। ਜੇਕਰ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦਾ ਹੋਰ ਤਰੀਕਾ ਇੱਕ ਲਿਖਤ ਭਾਸ਼ਾ ਨਹੀਂ ਹੈ, ਤਾਂ ਡਿਸਟ੍ਰਿਕਟ ਲਈ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਲਾਜ਼ਮੀ ਹਨ ਕਿ: (1) ਨੋਟਿਸ ਦਾ ਜ਼ਬਾਨੀ ਤੌਰ 'ਤੇ ਜਾਂ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੇ ਹੋਰ ਢੰਗ ਨਾਲ ਅਨੁਵਾਦ ਕੀਤੀ ਜਾਂਦੀ ਹੈ; 2) ਤੁਸੀਂ ਨੋਟਿਸ ਦੀ ਸਮਗਰੀ ਨੂੰ ਸਮਝਦੇ ਹੋ; ਅਤੇ (3) ਲਿਖਤੀ ਸਬੂਤ ਹਨ ਕਿ (1) ਅਤੇ (2) ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹਨ।

## ਮੂਲ ਭਾਸ਼ਾ

## 34 CFR §300.29; WAC 392-172A-01120

*ਮੂਲ ਭਾਸ਼ਾ,* ਜਦੋਂ ਕਿਸੇ ਉਸ ਵਿਅਕਤੀ ਦੇ ਸੰਬੰਧ ਵਿੱਚ ਵਰਤੀ ਜਾਂਦੀ ਹੈ, ਜੋ ਅੰਗ੍ਰੇਜ਼ੀ ਸਿੱਖ ਰਿਹਾ ਹੋਵੇ, ਭਾਵ:
1. ਉਸ ਵਿਅਕਤੀ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ ਜਾਂ, ਕੋਈ ਬੱਚਾ ਹੋਣ ਦੀ ਸਥਿਤੀ ਵਿੱਚ, ਬੱਚੇ ਦੇ ਮਾਪਿਆਂ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ।
2. ਕਿਸੇ ਬੱਚੇ ਨਾਲ ਪੂਰੇ ਸਿੱਧੇ ਸੰਪਰਕ ਵਿੱਚ (ਬੱਚੇ ਦੇ ਮੁਲਾਂਕਣ ਸਮੇਤ), ਘਰ ਵਿੱਚ ਜਾਂ ਸਿੱਖਣ ਦੇ ਵਾਤਾਵਰਣ ਵਿੱਚ ਬੱਚੇ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ।

ਅੰਨ੍ਹੇਪਣ ਜਾਂ ਬੋਲੇਪਣ ਵਾਲੇ ਵਿਅਕਤੀ ਲਈ ਜਾਂ ਜਿਸ ਵਿਅਕਤੀ ਨੂੰ ਮੁਸ਼ਕਲ ਨਾਲ ਸੁਣਦਾ ਹੈ, ਲਈ, ਜਾਂ ਕੋਈ ਵੀ ਲਿਖਤ ਭਾਸ਼ਾ ਨਾ ਸਮਝਣ ਵਾਲੇ ਵਿਅਕਤੀ ਲਈ, ਸੰਚਾਰ ਦਾ ਉਹ ਤਰੀਕਾ ਜੋ ਉਹ ਵਿਅਕਤੀ ਸਧਾਰਨ ਤੌਰ ਤੇ ਵਰਤਦਾ ਹੈ (ਜਿਵੇਂ ਸੰਕੇਤ ਭਾਸ਼ਾ, ਬ੍ਰੇਲ ਜਾਂ ਮੌਖਿਕ ਸੰਚਾਰ)।

# ਇਲੈਕਟ੍ਰੌਨਿਕ ਮੇਲ

## 34 CFR §300.505; WAC 392-172A-05020

ਜੇਕਰ ਤੁਹਾਡਾ ਡਿਸਟ੍ਰਿਕਟ ਮਾਪਿਆਂ ਨੂੰ ਈ-ਮੇਲ ਰਾਹੀਂ ਦਸਤਾਵੇਜ਼ ਪ੍ਰਾਪਤ ਕਰਨ ਦੀ ਚੋਣ ਦੀ ਪੇਸ਼ਕਸ਼ ਕਰਦਾ ਹੈ, ਤਾਂ ਤੁਸੀਂ ਈ ਮੇਲ ਰਾਹੀਂ ਇਹ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ:
1. ਪੂਰਵ ਲਿਖਤ ਨੋਟਿਸ;
2. *ਵਿਸ਼ੇਸ਼ ਸਿੱਖਿਆ ਪ੍ਰਕਿਰਿਆ ਸੰਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ*; ਅਤੇ
3. ਜੋ ਨੋਟਿਸ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਬੇਨਤੀ ਨਾਲ ਸਬੰਧਿਤ ਹਨ।

## ਮਾਪਿਆਂ ਦੀ ਸਹਿਮਤੀ – ਪਰਿਭਾਸ਼ਾ

## 34 CFR §300.9; WAC 392-172A-01040

*ਸਹਿਮਤੀ* ਦਾ ਮਤਲਬ:

1. ਤੁਹਾਨੂੰ ਇਸ ਕਾਰਵਾਈ, ਜਿਸ ਲਈ ਤੁਸੀ ਸਹਿਮਤੀ ਦੇਣ ਵਾਲੇ ਹੋ, ਨਾਲ ਸੰਬੰਧਿਤ ਸਾਰੀ ਜਾਣਕਾਰੀ ਬਾਰੇ ਤੁਹਾਡੀ ਮੂਲ ਭਾਸ਼ਾ ਵਿੱਚ ਜਾਂ ਸੰਚਾਰ ਦੀ ਹੋਰ ਤਰੀਕੇ (ਜਿਵੇਂ ਸੰਕੇਤ ਭਾਸ਼ਾ, ਬੋਲ ਜਾਂ ਮੌਖਿਕ ਸੰਚਾਰ ਵਿੱਚ) ਬਾਰੇ ਪੂਰੀ ਤਰ੍ਹਾਂ ਸੂਚਿਤ ਕੀਤਾ ਗਿਆ ਹੈ;
2. ਤੁਸੀਂ ਸਮਝਦੇ ਹੋ ਅਤੇ ਉਸ ਕਾਰਵਾਈ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੇ ਹੋ, ਅਤੇ ਸਹਿਮਤੀ ਇਸ ਕਾਰਵਾਈ ਬਾਰੇ ਦੱਸਦੀ ਹੈ ਕਿ ਰਿਕਾਰਡ (ਜੇ ਕੋਈ ਹੋਵੇ) ਰਿਲੀਜ਼ ਕੀਤਾ ਗਿਆ ਹੈ ਅਤੇ ਕਿਸ ਨੂੰ ਦਿੱਤਾ ਗਿਆ ਹੈ, ਅਤੇ,
3. ਤੁਸੀਂ ਸਮਝਦੇ ਹੋ ਕਿ ਸਹਿਮਤੀ ਤੁਹਾਡੇ ਵੱਲੋਂ ਸਵੈਇੱਛਕ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਰੱਦ (ਵਾਪਸ) ਕਰ ਸਕਦੇ ਹੋ।

ਜੇਕਰ ਤੁਸੀਂ ਆਪਣੇ ਬੱਚੇ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨਾ ਸ਼ੁਰੂ ਕਰਨ ਤੋਂ ਬਾਅਦ ਸਹਿਮਤੀ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਲਈ ਅਜਿਹਾ ਲਿਖਤ ਵਿੱਚ ਕਰਨਾ ਲਾਜ਼ਮੀ ਹੈ। ਸਹਿਮਤੀ ਦੀ ਤੁਹਾਡੀ ਵਾਪਸੀ ਕਿਸੇ ਵੀ ਉਸ ਕਾਰਵਾਈ ਨੂੰ ਨਕਾਰਦੀ (ਨਸ਼ਟ) ਨਹੀਂ ਹੈ, ਜੋ ਤੁਹਾਡੇ ਵੱਲੋਂ ਸਹਿਮਤੀ ਦੇਣ ਤੋਂ ਬਾਅਦ ਅਤੇ ਇਸਨੂੰ ਵਾਪਸ ਲੈਣ ਤੋਂ ਪਹਿਲਾਂ ਸ਼ੁਰੂ ਹੋਈ ਸੀ। ਇਸਤੋਂ ਇਲਾਵਾ, ਸਕੂਲ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਪ੍ਰਾਪਤੀ ਲਈ ਕਿਸੇ ਵੀ ਹਵਾਲੇ ਨੂੰ ਹਟਾਉਣ ਲਈ ਤੁਹਾਡੇ ਬੱਚੇ ਦੇ ਸਿੱਖਿਆ ਸੰਬੰਧੀ ਰਿਕਾਰਡਾਂ ਨੂੰ ਸਸ਼ੋਧਿਤ (ਬਦਲਣ) ਦੀ ਲੋੜ ਨਹੀਂ ਹੈ।

# ਮਾਪਿਆਂ ਦੀ ਸਹਿਮਤੀ – ਸ਼ਰਤਾਂ

## 34 CFR §300.300; WAC 392-172A-02000; WAC 392-172A-03000

### ਅਰੰਭਿਕ ਮੁਲਾਂਕਣ ਲਈ ਸਹਿਮਤੀ

ਤੁਹਾਡਾ ਡਿਸਟ੍ਰਿਕਟ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਪਾਤਰਤਾ ਨਿਰਧਾਰਤ ਕਰਨ ਲਈ ਤੁਹਾਡੇ ਬੱਚੇ ਦਾ ਅਰੰਭਿਕ ਮੁਲਾਂਕਣ ਨਹੀਂ ਕਰ ਸਕਦਾ ਜਦੋਂ ਤੱਕ ਕਿ ਇਹ ਤੁਹਾਨੂੰ ਪ੍ਰਸਤਾਵਿਤ ਮੁਲਾਂਕਣ ਗਤੀਵਿਧੀਆਂ ਦਾ ਵਰਣਨ ਕਰਨ ਵਾਲਾ ਪੂਰਵ ਲਿਖਤ ਨੋਟਿਸ ਮੁਹੱਈਆ ਨਹੀਂ ਕਰਦਾ ਅਤੇ ਤੁਹਾਡੀ ਲਿਖਤ, ਸੂਚਿਤ ਸਹਿਮਤੀ ਪ੍ਰਾਪਤ ਨਹੀਂ ਕਰਦਾ। ਤੁਹਾਡੇ ਸਕੂਲ ਡਿਸਟ੍ਰਿਕਟ ਲਈ ਇਹ ਫੈਸਲਾ ਕਰਨ ਲਈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ ਜਾਂ ਨਹੀਂ, ਇੱਕ ਅਰੰਭਿਕ ਮੁਲਾਂਕਣ ਲਈ ਤੁਹਾਡੀ ਸੂਚਿਤ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨ ਕਰਨਾ ਲਾਜ਼ਮੀ ਹੈ।

ਅਰੰਭਿਕ ਮੁਲਾਂਕਣ ਲਈ ਤੁਹਾਡੀ ਸਹਿਮਤੀ ਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨਾ ਸ਼ੁਰੂ ਕਰਨ ਲਈ ਸਹਿਮਤੀ ਦਿੱਤੀ ਹੈ। ਸਕੂਲ ਡਿਸਟ੍ਰਿਕਟ ਨੂੰ ਪਹਿਲੀ ਵਾਰ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ ਵੀ ਤੁਹਾਡੇ ਤੋਂ ਸਹਿਮਤੀ ਪ੍ਰਾਪਤ ਕਰਨੀ ਪਏਗੀ।

ਜੇ ਤੁਹਾਡੇ ਬੱਚੇ ਨੂੰ ਪਬਲਿਕ ਸਕੂਲ ਵਿਚ ਦਾਖਲ ਕੀਤਾ ਜਾਂਦਾ ਹੈ ਜਾਂ ਤੁਸੀਂ ਆਪਣੇ ਬੱਚੇ ਨੂੰ ਕਿਸੇ ਪਬਲਿਕ ਸਕੂਲ ਵਿਚ ਦਾਖਲ ਕਰਨ ਦੀ ਇੱਛਾ ਰੱਖਦੇ ਹੋ ਅਤੇ ਤੁਸੀਂ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਾਂ ਤੁਸੀਂ ਸ਼ੁਰੂਆਤੀ ਮੁਲਾਂਕਣ ਲਈ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਦੇਣ ਵਿਚ ਅਸਫ਼ਲ ਹੋ, ਤਾਂ ਤੁਹਾਡਾ ਡਿਸਟ੍ਰਿਕਟ **ਇਹ ਕਰ ਸਕਦਾ** ਹੈ, ਪਰ ਇਹ ਲੋੜੀਂਦਾ ਨਹੀਂ ਨਿਰਧਾਰਿਤ ਪ੍ਰਕ੍ਰਿਆ ਸੁਣਵਾਈ ਪ੍ਰਕ੍ਰਿਆਵਾਂ ਦੀ ਵਰਤੋਂ ਕਰਕੇ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਜਿਵੇਂ ਕਿ ਇਸ ਨੋਟਿਸ ਵਿੱਚ ਬਾਅਦ ਦੇ ਹਿੱਸੇ ਵਿੱਚ ਵਰਣਨ ਕੀਤਾ ਗਿਆ ਹੈ। ਜੇ ਤੁਹਾਡਾ ਬੱਚਾ ਇਸ ਹਾਲਾਤ ਵਿਚ ਤੁਹਾਡੇ ਬੱਚੇ ਦਾ ਮੁਲਾਂਕਣ ਨਹੀਂ ਕਰਦਾ ਤਾਂ ਤੁਹਾਡਾ ਡਿਸਟ੍ਰਿਕਟ ਤੁਹਾਡੇ ਬੱਚੇ ਦਾ ਪਤਾ ਲਗਾਉਣ, ਪਛਾਣਨ ਅਤੇ ਮੁਲਾਂਕਣ ਕਰਨ ਲਈ ਆਪਣੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ ਨਹੀਂ ਕਰੇਗਾ।

### ਸਟੇਟ ਦੇ ਵਾਰਡਾਂ ਦੇ ਅਰੰਭਿਕ ਮੁਲਾਂਕਣ ਲਈ ਵਿਸ਼ੇਸ਼ ਨਿਯਮ

ਜੇਕਰ ਤੁਹਾਡਾ ਬੱਚਾ ਸਟੇਟ ਦਾ ਇੱਕ ਵਾਰਡ ਹੈ ਅਤੇ ਤੁਹਾਡੇ ਨਾਲ ਨਹੀਂ ਰਹਿ ਰਿਹਾ ਹੈ, ਤਾਂ ਸਕੂਲ ਡਿਸਟ੍ਰਿਕਟ ਨੂੰ ਇਹ ਨਿਰਧਾਰਤ ਕਰਨ ਲਈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ ਜਾਂ ਨਹੀਂ, ਅਰੰਭਿਕ ਮੁਲਾਂਕਣ ਕਰਨ ਲਈ ਤੁਹਾਡੇ ਤੋਂ ਸਹਿਮਤੀ ਦੀ ਲੋੜ ਨਹੀਂ ਹੈ ਜੇਕਰ:

1. ਅਜਿਹਾ ਕਰਨ ਦੇ ਉਚਿਤ ਯਤਨਾਂ ਦੇ ਬਾਵਜੂਦ, ਡਿਸਟ੍ਰਿਕਟ ਤੁਹਾਨੂੰ ਲੱਭ ਨਹੀਂ ਪਾਉਂਦਾ;
2. ਇੱਕ ਮਾਪੇ ਦੇ ਤੌਰ ਤੇ ਤੁਹਾਡੇ ਹੱਕ ਸਟੇਟ ਕਨੂੰਨ ਦੇ ਮੁਤਾਬਕ ਖਤਮ ਕੀਤੇ ਗਏ ਹਨ; ਜਾਂ
3. ਤੁਹਾਡੇ ਅਤੇ ਉਸ ਵਿਅਕਤੀ ਤੋਂ ਇਲਾਵਾ, ਜਿਸਨੇ ਅਰੰਭਿਕ ਮੁਲਾਂਕਣ ਲਈ ਸਹਿਮਤੀ ਦਿੱਤੀ ਹੈ, ਕਿਸੇ ਵਿਅਕਤੀ ਲਈ ਸਿੱਖਿਆ ਸਬੰਧੀ ਫੈਸਲੇ ਲੈਣ ਦਾ ਹੱਕ ਇੱਕ ਜੱਜ ਨੂੰ ਸੌਂਪਿਆ ਗਿਆ ਹੈ।

ਇੱਕ *ਸਟੇਟ ਦਾ ਵਾਰਡ*, ਜਿਵੇਂ IDEA *ਵਿੱਚ* ਵਰਤਿਆ ਗਿਆ ਹੈ, ਦਾ ਭਾਵ ਉਸ ਬੱਚੇ ਤੋਂ ਹੈ ਜੋ

1. ਇੱਕ ਫੋਸਟਰ ਬੱਚਾ ਜਿਸਨੂੰ ਕਿਸੇ ਫੋਸਟਰ ਮਾਪੇ ਨਾਲ ਰੱਖਿਆ ਗਿਆ ਹੈ;
2. ਵਾਸ਼ਿੰਗਟਨ ਰਾਜ (Washington State) ਦੇ ਕਾਨੂੰਨ ਤਹਿਤ ਰਾਜ ਦੇ ਇੱਕ ਵਾਰਡ ਮੰਨਿਆ, ਜਾਂ,
3. ਡਿਪਾਰਟਮੈਂਟ ਆਫ ਸੋਸ਼ਲ ਐਂਡ ਹੈਲਥ ਸਰਵਿਸਿਜ ਜਾਂ ਹੋਰ ਸਟੇਟ ਦੀ ਸਰਕਾਰੀ ਬਾਲ ਭਲਾਈ ਏਜੰਸੀ ਦੀ ਨਿਗਰਾਨੀ ਵਿੱਚ।

ਇੱਕ *ਸਟੇਟ ਦਾ ਵਾਰਡ* ਵਿੱਚ ਉਹ ਫੋਸਟਰ ਬੱਚਾ ਸ਼ਾਮਲ ਨਹੀਂ ਹੈ, ਜਿਸਦਾ ਫੋਸਟਰ ਮਾਪਾ ਹੈ।

## ਅਰੰਭਿਕ ਸੇਵਾਵਾਂ ਲਈ ਮਾਪਿਆਂ ਦੀ ਸਹਿਮਤੀ ਅਤੇ ਜਾਰੀ ਸੇਵਾਵਾਂ ਲਈ ਸਹਿਮਤੀ ਦੀ ਵਾਪਸੀ

ਤੁਹਾਡੇ ਸਕੂਲ ਡਿਸਟ੍ਰਿਕਟ ਲਈ ਤੁਹਾਡੀ ਸੁਚਿਤ ਲਿਖਤ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨ ਕਰਨੇ ਲਾਜ਼ਮੀ ਹਨ ਅਤੇ ਪਹਿਲੀ ਵਾਰ ਲਈ ਤੁਹਾਡੇ ਬੱਚੇ ਲਈ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਤੋਂ ਪਹਿਲਾਂ ਤੁਹਾਡੀ ਸੁਚਿਤ ਲਿਖਤ ਸਹਿਮਤੀ ਪ੍ਰਾਪਤ ਕਰਨੀ ਲਾਜ਼ਮੀ ਹੈ।.

ਜੇਕਰ ਤੁਸੀਂ ਆਪਣੇ ਬੱਚੇ ਲਈ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਆਪਣੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਨਹੀਂ ਦਿੰਦੇ, ਜਾਂ ਜੇਕਰ ਤੁਸੀਂ ਇਹ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਤਾਂ ਤੁਹਾਡਾ ਡਿਸਟ੍ਰਿਕਟ ਤੁਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਜਾਂ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ ਇੱਕ ਪ੍ਰਬੰਧਕੀ ਕਨੂੰਨੀ ਜੱਜ ਤੋਂ ਇੱਕ ਹੁਕਮੀ ਨਿਰਣਾ ਪ੍ਰਾਪਤ ਕਰਨ ਲਈ ਨਿਯਤ ਪ੍ਰਕਿਰਿਆ ਸੁਣਵਾਈ ਕਾਰਜਪ੍ਰਣਾਲੀਆਂ ਨਹੀਂ ਵਰਤ ਸਕਦਾ।

ਜੇਕਰ ਤੁਸੀਂ ਆਪਣੇ ਬੱਚੇ ਲਈ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ ਜਾਂ ਆਪਣੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਨਹੀਂ ਦਿੰਦੇ, ਤਾਂ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਨਹੀਂ ਕਰਦਾ। ਇਸ ਸਥਿਤੀ ਵਿੱਚ, ਤੁਹਾਡਾ ਸਕੂਲ ਡਿਸਟ੍ਰਿਕਟ:

1. ਤੁਹਾਡੇ ਬੱਚੇ ਨੂੰ ਉਹ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲ ਰਹਿਣ ਕਾਰਨ ਤੁਹਾਡੇ ਬੱਚੇ ਲਈ ਮੁਫਤ ਢੁੱਕਵੀਂ ਸਰਕਾਰੀ ਸਿੱਖਿਆ (Free Appropriate Public Education, FAPE) ਉਪਲਬਧ ਕਰਾਉਣ ਦੀ ਸ਼ਰਤ ਦੀ ਉਲੰਘਣਾ ਵਿੱਚ ਨਹੀਂ ਹੈ; ਅਤੇ
2. ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ, ਜਿਹਨਾਂ ਲਈ ਤੁਹਾਡੀ ਸਹਿਮਤੀ ਦੀ ਬੇਨਤੀ ਕੀਤੀ ਗਈ ਸੀ, ਲਈ ਤੁਹਾਡੇ ਬੱਚੇ ਲਈ ਇੱਕ IEP ਮੀਟਿੰਗ ਕਰਨ ਜਾਂ ਇੱਕ IEP ਤਿਆਰ ਕਰਨ ਦੀ ਲੋੜ ਨਹੀਂ ਹੈ।

ਇਕ ਵਾਰ ਜਦੋਂ ਤੁਸੀਂ ਆਪਣੇ ਬੱਚੇ ਨੂੰ ਵਿਸ਼ੇਸ਼ ਵਿਦਿਅਕ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਲਿਖਤੀ ਸਹਿਮਤੀ ਦਿੰਦੇ ਹੋ ਅਤੇ ਡਿਸਟ੍ਰਿਕਟ ਵਿਸ਼ੇਸ਼ ਵਿਦਿਅਕ ਸੇਵਾਵਾਂ ਪ੍ਰਦਾਨ ਕਰਨਾ ਸ਼ੁਰੂ ਕਰਦਾ ਹੈ, ਤਾਂ ਤੁਹਾਡਾ ਬੱਚਾ ਉਦੋਂ ਤੱਕ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਰਹੇਗਾ:

1. ਉਸਦਾ ਦੁਬਾਰਾ ਮੁਲਾਂਕਣ ਨਹੀਂ ਕੀਤਾ ਜਾਂਦਾ ਅਤੇ ਇਹ ਨਹੀਂ ਪਾਇਆ ਜਾਂਦਾ ਕਿ ਉਹ ਹੁਣ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਨਹੀਂ;
2. ਉਹ ਇੱਕ ਨਿਯਮਿਤ ਹਾਈ ਸਕੂਲ ਡਿਪਲੋਮਾ ਨਾਲ ਗ੍ਰੈਜੂਏਟ ਨਹੀਂ ਹੁੰਦਾ;
3. ਉਸਦੀ ਉਮਰ 21 ਸਾਲ ਦੀ ਨਹੀਂ ਹੋ ਜਾਂਦੀ (ਜਾਂ ਜੇਕਰ ਤੁਹਾਡਾ ਬੱਚਾ 31 ਅਗਸਤ ਤੋਂ ਬਾਅਦ 21 ਸਾਲ ਦਾ ਹੁੰਦਾ ਹੈ, ਤਾਂ ਉਹ ਸਕੂਲ ਸਾਲ ਦੇ ਅੰਤ ਤੱਕ ਸੇਵਾਵਾਂ ਲਈ ਪਾਤਰ ਹੈ।); ਜਾਂ
4. ਤੁਸੀਂ ਡਿਸਟ੍ਰਿਕਟ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਦੇ ਜਾਰੀ ਪ੍ਰਬੰਧ ਲਈ ਆਪਣੀ ਸਹਿਮਤੀ ਦੀ ਇੱਕ ਲਿਖਤ ਵਾਪਸੀ ਮੁਹੱਈਆ ਕੀਤੀ ਹੈ।

ਜੇਕਰ ਤੁਸੀਂ ਡਿਸਟ੍ਰਿਕਟ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਨੂੰ ਸ਼ੁਰੂ ਕਰਨ ਤੋਂ ਬਾਅਦ ਸੇਵਾਵਾਂ ਦੇ ਜਾਰੀ ਪ੍ਰਬੰਧ ਲਈ ਲਿਖਤ ਵਿੱਚ ਆਪਣੀ ਸਹਿਮਤੀ ਰੱਦ ਕਰਦੇ ਹੋ, ਤਾਂ ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਬੰਦ ਕਰਨ ਤੋਂ ਪਹਿਲਾਂ ਸਮੇਂ ਸਿਰ ਤੁਹਾਨੂੰ *ਪੂਰਵ ਲਿਖਤ ਨੋਟਿਸ* ਦੇਣਾ ਲਾਜ਼ਮੀ ਹੈ। ਪੂਰਵ ਲਿਖਤ ਨੋਟਿਸ ਵਿੱਚ ਉਹ ਤਾਰੀਖ ਸ਼ਾਮਲ ਹੋਵੇਗੀ, ਜਦੋਂ ਡਿਸਟ੍ਰਿਕਟ ਤੁਹਾਡੇ ਬੱਚੇ ਨੂੰ ਸੇਵਾਵਾਂ ਮੁਹੱਈਆ ਕਰਨਾ ਬੰਦ ਕਰੇਗਾ ਅਤੇ ਤੁਹਾਨੂੰ ਸੂਚਿਤ ਕਰੇਗਾ ਕਿ ਸਕੂਲ ਡਿਸਟ੍ਰਿਕਟ:

1. ਤੁਹਾਡੇ ਬੱਚੇ ਨੂੰ ਉਹ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲ ਰਹਿਣ ਕਾਰਨ ਤੁਹਾਡੇ ਬੱਚੇ ਲਈ ਮੁਫ਼ਤ ਢੁੱਕਵੀਂ ਪਬਲਿਕ ਸਿੱਖਿਆ (Free Appropriate Public Education, FAPE) ਉਪਲਬਧ ਕਰਾਉਣ ਦੀ ਸ਼ਰਤ ਦੀ ਉਲੰਘਣਾ ਵਿੱਚ ਨਹੀਂ ਹੈ; ਅਤੇ,
2. ਵਿਸ਼ੇਸ਼ ਸਿੱਖਿਆ ਸੇਵਾਵਾਂ ਦੇ ਹੋਰ ਪ੍ਰਬੰਧ ਲਈ ਤੁਹਾਡੇ ਬੱਚੇ ਲਈ ਇੱਕ IEP ਮੀਟਿੰਗ ਕਰਨ ਜਾਂ ਇੱਕ IEP ਤਿਆਰ ਕਰਨ ਦੀ ਲੋੜ ਨਹੀਂ ਹੈ।

ਡਿਸਟ੍ਰਿਕਟ ਤੁਹਾਡੀ ਲਿਖਤ ਵਾਪਸੀ ਨੂੰ ਰੱਦ ਕਰਨ ਲਈ ਨਿਯਤ ਪ੍ਰਕਿਰਿਆ ਦੀ ਵਰਤੋਂ ਨਹੀਂ ਕਰ ਸਕਦਾ ਜਾਂ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਜਾਰੀ ਰੱਖਣ ਲਈ ਤੁਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਦੀ ਵਰਤੋਂ ਨਹੀਂ ਕਰ ਸਕਦਾ। ਤੁਹਾਡੇ ਬੱਚੇ ਨੂੰ ਵਿਸ਼ੇਸ਼ ਵਿਦਿਅਕ ਸੇਵਾਵਾਂ ਮੁਹੱਈਆ ਕਰਨ ਤੋਂ ਬਾਅਦ, ਤੁਹਾਡੇ ਬੱਚੇ ਨੂੰ ਹੁਣ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਨਹੀਂ ਮੰਨਿਆ ਜਾਂਦਾ ਹੈ ਅਤੇ ਇਹ ਉਹੀ ਲੋੜਾਂ ਦੇ ਅਨੁਸਾਰ ਹੈ ਜੋ ਸਾਰੇ ਵਿਦਿਆਰਥੀਆਂ ਲਈ ਲਾਗੂ ਹੁੰਦੀਆਂ ਹਨ। ਤੁਸੀਂ ਜਾਂ ਹੋਰ, ਜੋ ਤੁਹਾਡੇ ਬੱਚੇ ਦੇ ਜਾਣਕਾਰ ਹਨ, ਸਕੂਲ ਡਿਸਟ੍ਰਿਕਟ ਸਮੇਤ, ਤੁਹਾਡੇ ਵੱਲੋਂ ਤੁਹਾਡੇ ਬੱਚੇ ਲਈ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਦੀ ਸਹਿਮਤੀ ਨੂੰ ਰੱਦ ਕਰਨ ਤੋਂ ਬਾਅਦ ਕਿਸੇ ਵੀ ਸਮੇਂ ਤੁਹਾਡੇ ਬੱਚੇ ਨੂੰ ਅਰੰਭਿਕ ਮੁਲਾਂਕਣ ਲਈ ਭੇਜ ਸਕਦੇ ਹਨ।

## ਦੁਬਾਰਾ ਮੁਲਾਂਕਣ ਲਈ ਮਾਪਿਆਂ ਦੀ ਸਹਿਮਤੀ

ਜੇਕਰ ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਦੇ ਹਿੱਸੇ ਦੇ ਤੌਰ ਤੇ ਨਵਾਂ ਪਰੀਖਣ ਕਰਨਾ ਹੋਵੇ, ਤਾਂ ਤੁਹਾਡੇ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਤੁਹਾਡੇ ਬੱਚੇ ਦਾ ਦੁਬਾਰਾ ਮੁਲਾਂਕਣ ਕਰਨ ਤੋਂ ਪਹਿਲਾਂ ਤੁਹਾਡੀ ਸੁਚਿਤ ਸਹਿਮਤੀ ਪ੍ਰਾਪਤ ਕਰੇ, ਜਦੋਂ ਤੱਕ ਕਿ ਡਿਸਟ੍ਰਿਕਟ ਇਹ ਨਾ ਦਰਸਾ ਸਕੇ ਕਿ:

1. ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਲਈ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਲਈ ਉਸਨੇ ਉਚਿਤ ਕਦਮ ਚੁੱਕੇ; ਅਤੇ
2. ਤੁਸੀਂ ਜਵਾਬ ਨਹੀਂ ਦਿੱਤਾ।

ਜੇਕਰ ਤੁਸੀਂ ਆਪਣੇ ਬੱਚੇ ਦੇ ਦੁਬਾਰਾ ਮੁਲਾਂਕਣ ਦੇ ਹਿੱਸੇ ਦੇ ਤੌਰ ਤੇ ਨਵੇਂ ਪਰੀਖਣ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਤਾਂ ਡਿਸਟ੍ਰਿਕਟ ਤੁਹਾਡੇ ਤੋਂ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਵਰਤ ਕੇ ਜਾਂ ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਲਈ ਸਹਿਮਤੀ ਦੀ ਤੁਹਾਡੀ ਨਾਮਨਜ਼ੂਰੀ ਨੂੰ ਰੱਦ ਕਰਨ ਲਈ ਨਿਯਤ ਪ੍ਰਕਿਰਿਆ ਸੁਣਵਾਈ ਕਾਰਜ ਪ੍ਰਣਾਲੀਆਂ ਦੀ ਵਰਤੋਂ ਕਰ ਸਕਦਾ ਹੈ, ਪਰੰਤੂ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ। ਜਿਵੇਂ ਕਿ ਅਰੰਭਿਕ ਮੁਲਾਂਕਣਾਂ ਦੇ ਨਾਲ, ਤੁਹਾਡਾ ਡਿਸਟ੍ਰਿਕਟ IDEA ਦੇ ਪਾਰਟ B ਦੇ ਅਧੀਨ ਆਪਣੇ ਇਕਰਾਰਨਾਮਿਆਂ ਦੀ ਉਲੰਘਣਾ ਨਹੀਂ

ਕਰਦਾ ਜੇਕਰ ਇਹ ਵਿਚੋਲਗੀ ਜਾਂ ਨਿਯਤ ਪ੍ਰਕਿਰਿਆ ਕਾਰਜ ਪ੍ਰਣਾਲੀਆਂ ਵਰਤਦੇ ਹੋਏ ਦੁਬਾਰਾ ਮੁਲਾਂਕਣ ਕਰਨ ਤੋਂ ਇਨਕਾਰ ਕਰ ਦਿੰਦਾ ਹੈ।

### ਮਾਪਿਆਂ ਦੀ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ

ਤੁਹਾਡੇ ਸਕੂਲ ਲਈ ਅਰੰਭਿਕ ਮੁਲਾਂਕਣਾਂ ਲਈ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਲਈ, ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ, ਦੁਬਾਰਾ ਮੁਲਾਂਕਣ ਕਰਨ ਲਈ, ਜਿਸ ਵਿੱਚ ਨਵਾਂ ਪਰੀਖਣ ਸ਼ਾਮਲ ਹੋਵੇ ਅਤੇ ਅਰੰਭਿਕ ਮੁਲਾਂਕਣਾਂ ਲਈ ਸਟੇਟ ਦੇ ਵਾਰਡਾਂ ਦੇ ਮਾਪਿਆਂ ਦੇ ਪਤਾ ਲਗਾਉਣ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ ਰੱਖਣਾ ਲਾਜ਼ਮੀ ਹੈ। ਦਸਤਾਵੇਜ਼ੀ ਸਬੂਤ ਵਿੱਚ ਇਹਨਾਂ ਖੇਤਰਾਂ ਵਿੱਚ ਡਿਸਟ੍ਰਿਕਟ ਦੀਆਂ ਕੋਸ਼ਿਸ਼ਾਂ ਦਾ ਇੱਕ ਰਿਕਾਰਡ ਸ਼ਾਮਲ ਕਰਨਾ ਲਾਜ਼ਮੀ ਹੈ, ਜਿਵੇਂ:

1. ਕੀਤੀਆਂ ਗਈਆਂ ਜਾਂ ਕੋਸ਼ਿਸ਼ ਕੀਤੀਆਂ ਗਈਆਂ ਟੈਲੀਫੋਨ ਕਾਲਾਂ ਅਤੇ ਉਹਨਾਂ ਕਾਲਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ;
2. ਤੁਹਾਨੂੰ ਭੇਜੀ ਜਾਣ ਵਾਲੀ ਪੱਤਰ-ਵਿਹਾਰ ਦੀਆਂ ਕਾਪੀਆਂ ਅਤੇ ਪ੍ਰਾਪਤ ਕੀਤੇ ਗਏ ਕੋਈ ਜਵਾਬ; ਅਤੇ
3. ਤੁਹਾਡੇ ਘਰ ਵਿੱਚ ਜਾਂ ਕੰਮ ਤੇ ਕੀਤੀਆਂ ਗਈਆਂ ਵਿਜਿਟਾਂ ਅਤੇ ਉਹਨਾਂ ਵਿਜਿਟਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ।

### ਸਹਿਮਤੀ ਸੰਬੰਧੀ ਹੋਰ ਜਾਣਕਾਰੀ

ਤੁਹਾਡੇ ਡਿਸਟ੍ਰਿਕਟ ਵੱਲੋਂ ਇਹ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਦੀ ਲੋੜ ਨਹੀਂ ਹੁੰਦੀ:

1. ਤੁਹਾਡੇ ਬੱਚੇ ਦੇ ਮੁਲਾਂਕਣ ਜਾਂ ਮੁੜਮੁਲਾਂਕਣ ਦੇ ਹਿੱਸੇ ਵਜੋਂ ਮੌਜੂਦ ਡਾਟਾ ਦੀ ਸਮੀਖਿਆ ਕਰਨਾ; ਜਾਂ
2. ਆਪਣੇ ਬੱਚੇ ਨੂੰ ਇਕ ਟੈਸਟ ਜਾਂ ਹੋਰ ਮੁਲਾਂਕਣ ਦਿਓ ਜੋ ਸਾਰੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜਦੋਂ ਤੱਕ ਕਿ ਉਹ ਟੈਸਟ ਜਾਂ ਮੁਲਾਂਕਣ ਦਿੱਤੇ ਜਾਣ ਤੋਂ ਪਹਿਲਾਂ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਤੋਂ ਸਹਿਮਤੀ ਦੀ ਲੋੜ ਨਹੀਂ ਹੁੰਦੀ।

ਜੇਕਰ ਤੁਸੀਂ ਆਪਣੇ ਬੱਚੇ ਦਾ ਦਾਖਲਾ ਆਪਣੇ ਖੁਦ ਦੇ ਖਰਚੇ ਤੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਕਰਵਾਇਆ ਹੈ ਜਾਂ ਜੇਕਰ ਤੁਸੀਂ ਆਪਣੇ ਬੱਚੇ ਨੂੰ ਘਰ ਵਿੱਚ ਹੀ ਅਧਿਆਪਕ ਤੋਂ ਪੜ੍ਹਾ ਰਹੇ ਹੋ (ਹੋਮ ਸਕੂਲਿੰਗ) ਅਤੇ ਤੁਸੀਂ ਆਪਣੇ ਬੱਚੇ ਦੇ ਅਰੰਭਿਕ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਲਈ ਆਪਣੀ ਸਹਿਮਤੀ ਨਹੀਂ ਦਿੰਦੇ, ਜਾਂ ਤੁਸੀਂ ਤੁਹਾਡੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਡਿਸਟ੍ਰਿਕਟ ਤੁਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਦੀ ਵਰਤੋਂ ਜਾਂ ਤੁਹਾਡੀ ਨਾਮਨਜ਼ੂਰੀ ਨੂੰ ਰੱਦ ਕਰਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਕਾਰਜ ਪ੍ਰਣਾਲੀਆਂ ਦੀ ਵਰਤੋਂ <u>ਨਹੀਂ ਕਰ ਸਕਦਾ</u> । ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਉਚਿਤ ਪ੍ਰਾਈਵੇਟ ਸਕੂਲ ਸੇਵਾਵਾਂ ਪ੍ਰਾਪਤ ਕਰਨ ਲਈ ਪਾਤਰ ਮੰਨਣਾ ਲਾਜ਼ਮੀ ਨਹੀਂ ਹੈ, ਇਹ ਉਹ ਸੇਵਾਵਾਂ ਹਨ, ਜੋ ਵਿਸ਼ੇਸ਼ ਸਿੱਖਿਆ ਲਈ ਪਾਤਰ ਮਾਪਿਆਂ ਵੱਲੋਂ ਪ੍ਰਾਈਵੇਟ ਸਕੂਲ ਵਿੱਚ ਦਾਖਲ ਕੀਤੇ ਕੁਝ ਵਿਦਿਆਰਥੀਆਂ ਲਈ ਉਪਲਬਧ ਕਰਵਾਈਆਂ ਜਾਂਦੀਆਂ ਹਨ।

# ਸੁਤੰਤਰ ਸਿੱਖਿਆ ਸੰਬੰਧੀ ਮੁਲਾਂਕਣ

## 34 CFR §300.502; WAC 392-172A-05005

ਜੇਕਰ ਤੁਸੀਂ ਆਪਣੇ ਡਿਸਟ੍ਰਿਕਟ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਅਸਹਿਮਤ ਹੋ ਤਾਂ ਤੁਹਾਨੂੰ ਆਪਣੇ ਬੱਚੇ ਦਾ ਇੱਕ ਸੁਤੰਤਰ ਸਿੱਖਿਆ ਸੰਬੰਧੀ ਮੁਲਾਂਕਣ (Independent Educational Evaluation, IEE) ਪ੍ਰਾਪਤ ਕਰਨ ਦਾ ਹੱਕ ਹੈ। ਜੇਕਰ ਤੁਸੀਂ ਇੱਕ IEE ਦੀ ਮੰਗ ਕਰਦੇ ਹੋ, ਤਾਂ ਡਿਸਟ੍ਰਿਕਟ ਲਈ ਤੁਹਾਨੂੰ ਇਸ ਬਾਰੇ ਕਿ ਤੁਸੀਂ ਇੱਕ IEE ਕਿੱਥੋਂ ਪ੍ਰਾਪਤ ਕਰ ਸਕਦੇ ਹੋ ਅਤੇ ਡਿਸਟ੍ਰਿਕਟ ਦੇ ਮਾਪਦੰਡ, ਜੋ IEE ਤੇ ਲਾਗੂ ਹੁੰਦਾ ਹੈ, ਬਾਰੇ ਜਾਣਕਾਰੀ ਮੁਹੱਈਆ ਕਰਨਾ ਲਾਜ਼ਮੀ ਹੈ।

### ਪਰਿਭਾਸ਼ਾਵਾਂ

- *ਸੁਤੰਤਰ ਸਿੱਖਿਆ ਸਬੰਧੀ ਮੁਲਾਂਕਣ* (IEE) ਦਾ ਭਾਵ ਹੈ ਅਜਿਹੇ ਯੋਗ ਪ੍ਰੀਖਿਅਕ ਵੱਲੋਂ ਕੀਤਾ ਗਿਆ ਮੁਲਾਂਕਣ, ਜਿਸਨੂੰ ਤੁਹਾਡੇ ਬੱਚੇ ਦੀ ਸਿੱਖਿਆ ਲਈ ਜ਼ਿੰਮੇਵਾਰ ਡਿਸਟ੍ਰਿਕਟ ਵੱਲੋਂ ਨਿਯੁਕਤ ਨਹੀਂ ਕੀਤਾ ਗਿਆ ਹੈ।
- *ਜਨਤਕ ਖਰਚੇ* ਦਾ ਭਾਵ ਹੈ ਕਿ ਡਿਸਟ੍ਰਿਕਟ ਮੁਲਾਂਕਣ ਦੇ ਪੂਰਾ ਖਰਚ ਦਾ ਭੁਗਤਾਨ ਕਰਦਾ ਹੈ ਜਾਂ ਇਹ ਯਕੀਨੀ ਬਣਾਉਣਾ ਹੈ ਕਿ ਮੁਲਾਂਕਣ ਤੁਹਾਨੂੰ ਕਿਸੇ ਹੋਰ ਤਰ੍ਹਾਂ ਨਾਲ ਮੁਫਤ ਮੁਹੱਈਆ ਕੀਤਾ ਜਾਂਦਾ ਹੈ।

### ਜਨਤਕ ਖਰਚੇ ਤੇ IEE ਕਰਵਾਉਣ ਦਾ ਮਾਪਿਆਂ ਦਾ ਹੱਕ

ਜੇਕਰ ਤੁਸੀਂ ਇਹਨਾਂ ਸਥਿਤੀਆਂ ਦੇ ਅਧੀਨ, ਆਪਣੇ ਡਿਸਟ੍ਰਿਕਟ ਵੱਲੋਂ ਕੀਤੇ ਗਏ ਤੁਹਾਡੇ ਬੱਚੇ ਦੇ ਮੁਲਾਂਕਣ ਤੋਂ ਅਸਹਿਮਤ ਹੋ ਤਾਂ ਤੁਹਾਨੂੰ ਜਨਤਕ ਖਰਚੇ ਤੇ ਆਪਣੇ ਬੱਚੇ ਦਾ ਇੱਕ IEE ਕਰਵਾਉਣ ਦਾ ਹੱਕ ਹੈ:

1. ਜੇਕਰ ਤੁਸੀਂ ਜਨਤਕ ਖਰਚੇ ਤੇ ਆਪਣੇ ਬੱਚੇ ਦੇ school ਦੀ ਮੰਗ ਕਰਦੇ ਹੋ, ਤਾਂ ਤੁਹਾਡੇ ਸਕੂਲ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਤੁਹਾਡੀ ਮੰਗ ਦੇ 15 ਕੈਲੰਡਰ ਦਿਨਾਂ ਦੇ ਅੰਦਰ, **ਜਾਂ ਤਾਂ:** (a) ਇਹ ਦਰਸਾਉਣ ਲਈ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਬੇਨਤੀ ਫਾਈਲ ਕਰਨਾ ਕਿ ਤੁਹਾਡੇ ਬੱਚੇ ਦਾ ਇਸਦਾ ਮੁਲਾਂਕਣ ਢੁੱਕਵਾਂ ਹੈ ਜਾਂ ਇਹ ਕਿ ਤੁਹਾਡੇ ਬੱਚੇ ਦਾ ਮੁਲਾਂਕਣ, ਜੋ ਤੁਸੀਂ ਪ੍ਰਾਪਤ ਕੀਤਾ ਹੈ, ਡਿਸਟ੍ਰਿਕਟ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦਾ; **ਜਾਂ** (b) ਜਨਤਕ ਖਰਚੇ ਤੇ ਇੱਕ IEE ਮੁਹੱਈਆ ਕਰਨ ਲਈ ਸਹਿਮਤ ਹੈ।
2. ਜੇਕਰ ਤੁਹਾਡਾ ਸਕੂਲ ਡਿਸਟ੍ਰਿਕਟ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਰਦਾ ਹੈ ਅਤੇ ਆਖਰੀ ਨਿਰਣਾ ਇਹ ਹੈ ਕਿ ਤੁਹਾਡੇ ਬੱਚੇ ਦਾ ਡਿਸਟ੍ਰਿਕਟ ਦਾ ਮੁਲਾਂਕਣ ਢੁੱਕਵਾਂ ਹੈ, ਤਾਂ ਤਦ ਵੀ ਤੁਹਾਨੂੰ ਇੱਕ IEE ਕਰਵਾਉਣ ਦਾ ਹੱਕ ਹੈ, ਪਰੰਤੂ ਜਨਤਕ ਖਰਚੇ 'ਤੇ ਨਹੀਂ।
3. ਜੇਕਰ ਤੁਸੀਂ ਆਪਣੇ ਬੱਚੇ ਦੇ ਇੱਕ IEE ਦੀ ਮੰਗ ਕਰਦੇ ਹੋ, ਤਾਂ ਤੁਹਾਡਾ ਸਕੂਲ ਡਿਸਟ੍ਰਿਕਟ ਇਹ ਪੁੱਛ ਸਕਦਾ ਹੈ ਕਿ ਤੁਹਾਨੂੰ ਡਿਸਟ੍ਰਿਕਟ ਵੱਲੋਂ ਕੀਤੇ ਗਏ ਮੁਲਾਂਕਣ ਤੇ ਇਤਰਾਜ਼ ਕਿਉਂ ਹੈ। ਹਾਲਾਂਕਿ, ਡਿਸਟ੍ਰਿਕਟ ਕਿਸੇ ਸਪਸ਼ਟੀਕਰਨ ਦੀ ਮੰਗ ਨਹੀਂ ਕਰ ਸਕਦਾ ਅਤੇ ਸਰਕਾਰੀ ਖਰਚੇ

ਤੇ ਤੁਹਾਡੇ ਬੱਚੇ ਦਾ IEE ਮੁਹੱਈਆ ਕਰਨ ਵਿੱਚ ਜਾਂ ਤੁਹਾਡੇ ਬੱਚੇ ਦੇ ਡਿਸਟ੍ਰਿਕਟ ਵੱਲੋਂ ਕੀਤੇ ਮੁਲਾਂਕਣ ਦੀ ਸਫ਼ਾਈ ਪੇਸ਼ ਕਰਨ ਲਈ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਬੇਨਤੀ ਫਾਈਲ ਕਰਨ ਵਿੱਚ ਅਨੁਚਿਤ ਰੂਪ ਨਾਲ ਦੇਰੀ ਨਹੀਂ ਕਰ ਸਕਦਾ।

ਤੁਸੀਂ ਆਪਣੇ ਸਕੂਲ ਡਿਸਟ੍ਰਿਕਟ ਵੱਲੋਂ ਹਰ ਵਾਰ ਕੀਤੇ ਤੁਹਾਡੇ ਬੱਚੇ ਦੇ ਮੁਲਾਂਕਣ, ਜਿਸ ਨਾਲ ਤੁਸੀਂ ਅਸਹਿਮਤ ਹੋ, ਲਈ ਸਰਕਾਰੀ ਖਰਚੇ ਤੇ ਆਪਣੇ ਬੱਚੇ ਦੇ ਕੇਵਲ ਇੱਕ IEE ਲਈ ਹੱਕਦਾਰ ਹੈ।

### ਮਾਪਿਆਂ ਵੱਲੋਂ ਸ਼ੁਰੂ ਕੀਤੇ ਮੁਲਾਂਕਣ

ਜੇਕਰ ਤੁਸੀਂ ਸਰਕਾਰੀ ਖਰਚੇ ਤੇ ਆਪਣੇ ਬੱਚੇ ਦਾ ਇੱਕ IEE ਮੁਲਾਂਕਣ ਪ੍ਰਾਪਤ ਕਰਦੇ ਹੋ ਜਾਂ ਤੁਸੀਂ ਡਿਸਟ੍ਰਿਕਟ ਨੂੰ ਇੱਕ IEE ਮੁਹੱਈਆ ਕਰਦੇ ਹੋ, ਜੋ ਤੁਸੀਂ ਪ੍ਰਾਈਵੇਟ ਖਰਚੇ ਤੇ ਪ੍ਰਾਪਤ ਕੀਤਾ ਹੈ:

1. ਤੁਹਾਡੇ ਡਿਸਟ੍ਰਿਕਟ ਲਈ ਤੁਹਾਡੇ ਬੱਚੇ ਲਈ ਇੱਕ FAPE ਦੇ ਪ੍ਰਬੰਧ ਦੇ ਸਬੰਧ ਵਿੱਚ ਲਏ ਜਾਣ ਵਾਲੇ ਕਿਸੇ ਵੀ ਫੈਸਲੇ ਵਿੱਚ IEE ਦੇ ਨਤੀਜਿਆਂ ਤੇ ਵਿਚਾਰ ਕਰਨਾ ਲਾਜ਼ਮੀ ਹੈ, ਜੇਕਰ ਇਹ IEE ਲਈ ਡਿਸਟ੍ਰਿਕਟ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ; ਅਤੇ
2. ਤੁਸੀਂ ਜਾਂ ਤੁਹਾਡਾ ਡਿਸਟ੍ਰਿਕਟ IEE ਨੂੰ ਤੁਹਾਡੇ ਬੱਚੇ ਦੇ ਸਬੰਧ ਵਿੱਚ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਇੱਕ ਸਬੂਤ ਦੇ ਤੌਰ ਤੇ ਪੇਸ਼ ਕਰ ਸਕਦੇ ਹੋ।

### ਪ੍ਰਬੰਧਕੀ ਕਾਨੂੰਨ ਜੱਜਾਂ (Administrative Law Judges, ALJ) ਵੱਲੋਂ ਮੁਲਾਂਕਣ ਲਈ ਮੰਗਾਂ

ਜੇਕਰ ਕੋਈ ALJ ਕਿਸੇ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਹਿੱਸੇ ਦੇ ਤੌਰ ਤੇ ਤੁਹਾਡੇ ਬੱਚੇ ਦੇ ਇੱਕ IEE ਦੀ ਮੰਗ ਕਰਦਾ ਹੈ, ਤਾਂ ਮੁਲਾਂਕਣ ਦਾ ਭੁਗਤਾਨ ਸਰਕਾਰੀ ਖਰਚੇ ਤੇ ਹੋਣਾ ਲਾਜ਼ਮੀ ਹੈ।

### ਡਿਸਟ੍ਰਿਕਟ ਦਾ ਮਾਪਦੰਡ

ਜੇਕਰ ਇੱਕ IEE ਸਰਕਾਰੀ ਖਰਚੇ ਤੇ ਕੀਤਾ ਜਾਂਦਾ ਹੈ, ਤਾਂ ਮਾਪਦੰਡ, ਜਿਸਦੇ ਅਧੀਨ ਮੁਲਾਂਕਣ ਪ੍ਰਾਪਤ ਕੀਤਾ ਗਿਆ ਹੈ, ਮੁਲਾਂਕਣ ਦੇ ਸਥਾਨ ਅਤੇ ਪ੍ਰੀਖਿਅਕ ਦੀਆਂ ਯੋਗਤਾਵਾਂ ਸਮੇਤ, ਉਸ ਮਾਪਦੰਡ ਵਾਂਗ ਹੋਣਾ ਲਾਜ਼ਮੀ ਹੈ, ਜਿਸਦੀ ਵਰਤੋਂ ਡਿਸਟ੍ਰਿਕਟ ਇੱਕ ਮੁਲਾਂਕਣ ਸ਼ੁਰੂ ਕਰਦੇ ਸਮੇਂ ਕਰਦਾ ਹੈ (ਉਸ ਸੀਮਾ ਤੱਕ ਕਿ ਉਹ ਮਾਪਦੰਡ ਇੱਕ IEE ਦੇ ਤੁਹਾਡੇ ਹੱਕ ਦੇ ਮੁਤਾਬਕ ਹੋਣ)।

ਉੱਪਰ ਵਰਣਨ ਕੀਤੇ ਗਏ ਤੋਂ ਇਲਾਵਾ, ਡਿਸਟ੍ਰਿਕਟ ਜਨਤਕ ਖਰਚੇ ਤੇ ਇੱਕ IEE ਪ੍ਰਾਪਤ ਕਰਨ ਸਬੰਧੀ ਸ਼ਰਤਾਂ ਜਾ ਸਮਾਂ ਸੀਮਾਵਾਂ ਲਾਗੂ ਨਹੀਂ ਕਰ ਸਕਦਾ।

## ਜਾਣਕਾਰੀ ਪਰਿਭਾਸ਼ਾਵਾਂ ਦੀ ਗੁਪਤਤਾ

## 34 CFR §300.611; WAC 392-172A-05180

IDEA ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਰਿਕਾਰਡਾਂ ਸਬੰਧੀ ਤੁਹਾਨੂੰ ਹੱਕ ਦਿੰਦਾ ਹੈ। ਇਹ ਹੱਕ ਉਹਨਾਂ ਹੱਕਾਂ ਦੇ ਇਲਾਵਾ ਹਨ, ਜੋ ਤੁਹਾਡੇ ਕੋਲ ਫੈਮਿਲੀ ਐਜੂਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ (Family Educational Rights and Privacy Act, FERPA) ਦੇ ਅਧੀਨ ਹਨ, ਇਹ ਇੱਕ ਅਜਿਹਾ ਕਨੂੰਨ ਹੈ, ਜੋ ਸਾਰੇ ਵਿਦਿਆਰਥੀਆਂ ਨੂੰ ਸਿੱਖਿਆ ਸਬੰਧੀ ਰਿਕਾਰਡਾਂ ਦੀ ਸੁਰੱਖਿਆ ਮੁਹੱਈਆ ਕਰਦਾ ਹੈ।

ਜਿਵੇਂ ਕਿ *ਜਾਣਕਾਰੀ ਦੀ ਗੁਪਤਤਾ* ਸਿਰਲੇਖ ਦੇ ਹੇਠ ਵਰਤਿਆ ਗਿਆ ਹੈ:

- *ਨਸ਼ਟ ਕਰਨਾ* ਦਾ ਭਾਵ ਹੈ ਜਾਣਕਾਰੀ ਤੋ ਨਿੱਜੀ ਪਛਾਣ ਵਾਲੇ ਤੱਥਾਂ ਨੂੰ ਭੌਤਿਕ ਰੂਪ ਨਾਲ ਨਸ਼ਟ ਕਰਨਾ ਜਾਂ ਹਟਾਉਣਾ ਤਾਂ ਜਿਸ ਜਾਣਕਾਰੀ ਨੂੰ ਹੁਣ ਨਿੱਜੀ ਰੂਪ ਨਾਲ ਪਛਾਣਿਆ ਨਾ ਜਾ ਸਕੇ।
- *ਸਿੱਖਿਆ ਰਿਕਾਰਡਾਂ* ਦਾ ਭਾਵ ਹੈ 34 CFR Part 99 ਵਿੱਚ "ਸਿੱਖਿਆ ਰਿਕਾਰਡਾਂ" ਪਰਿਭਾਸ਼ਾ ਦੇ ਅਧੀਨ ਸ਼ਾਮਲ ਕੀਤੇ ਰਿਕਾਰਡਾਂ ਦੇ ਪ੍ਰਕਾਰ (1974 ਦੇ ਫੈਮਿਲੀ ਐਜੂਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ ( Family Educational Rights and Privacy Act), 20 U.S.C 1232g (FERPA) ਨੂੰ ਲਾਗੂ ਕਰਨ ਵਾਲੇ ਰੈਗੂਲੇਸ਼ਨਸ।
- *ਹਿੱਸਾ ਲੈਣ ਵਾਲੀ ਏਜੰਸੀ* ਦਾ ਭਾਵ ਹੈ ਕੋਈ ਵੀ ਸਕੂਲ ਡਿਸਟ੍ਰਿਕਟ, ਏਜੰਸੀ ਜਾਂ ਸੰਸਥਾਨ, ਜੋ ਪਾਰਟ B ਜਾਂ IDEA ਦੇ ਅਧੀਨ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਇਕੱਤਰ ਕਰਦਾ ਹੈ, ਉਸਨੂੰ ਸਾਂਭਦਾ ਹੈ ਜਾਂ ਵਰਤਦਾ ਹੈ, ਜਾਂ ਜਿਸ ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ।

## ਨਿੱਜੀ ਰੂਪ ਨਾਲ ਪਛਾਣਯੋਗ

## 34 CFR §300.32; WAC 392-172A-01140

*ਨਿੱਜੀ ਰੂਪ ਨਾਲ ਪਛਾਣਯੋਗ* ਦਾ ਭਾਵ ਹੈ ਉਹ ਜਾਣਕਾਰੀ ਜਿਸ ਵਿੱਚ

1. ਤੁਹਾਡੇ ਬੱਚੇ ਦਾ ਨਾਮ ਮਾਪਿਆਂ ਦੇ ਤੌਰ ਤੇ ਤੁਹਾਡਾ ਨਾਮ ਜਾਂ ਕਿਸੇ ਦੂਜੇ ਪਰਿਵਾਰ ਸਦੱਸ ਦਾ ਨਾਮ ਹੈ;
2. ਤੁਹਾਡੇ ਬੱਚੇ ਦਾ ਪਤਾ ਹੈ;
3. ਕੋਈ ਨਿੱਜੀ ਪਛਾਣ ਵਾਲਾ ਤੱਥ, ਜਿਵੇਂ ਤੁਹਾਡੇ ਬੱਚੇ ਦਾ ਸੋਸ਼ਲ ਸਿਕਿਓਰਿਟੀ ਨੰਬਰ ਜਾਂ ਵਿਦਿਆਰਥੀ ਨੰਬਰ; ਜਾਂ
4. ਨਿੱਜੀ ਵਿਸ਼ੇਸ਼ਤਾਵਾਂ ਜਾਂ ਹੋਰ ਜਾਣਕਾਰੀ ਦੀ ਸੂਚੀ, ਜੋ ਉਚਿਤ ਨਿਸ਼ਚਿਤਤਾ ਨਾਲ ਤੁਹਾਡੇ ਬੱਚੇ ਦੀ ਪਛਾਣ ਨੂੰ ਸੰਭਵ ਬਣਾ ਸਕਦੀ ਹੈ।

# ਮਾਪਿਆਂ ਲਈ ਨੋਟਿਸ

## 34 CFR §300.612; WAC 392-172A-05185

OSPI ਆਪਣੇ ਰੈਗੂਲੇਸ਼ਨਸ ਰਾਹੀਂ, ਤੁਹਾਨੂੰ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਬਾਰੇ ਪੂਰੀ ਤਰ੍ਹਾਂ ਸੂਚਿਤ ਕਰਨ ਲਈ ਨੋਟਿਸ ਦਿੰਦੀ ਹੈ, ਜਿਸ ਵਿੱਚ ਇਹ ਸ਼ਾਮਲ ਹੁੰਦਾ ਹੈ:

1. ਮਾਡਲ ਸਟੇਟ ਫਾਰਮਾਂ ਦੀ ਉਪਲਬਧਤਾ, ਜਿਸ ਵਿੱਚ *ਵਿਸ਼ੇਸ਼ ਸਿੱਖਿਆ ਪ੍ਰਕਿਰਿਆ ਸੁਰੱਖਿਆ ਉਪਾਵਾਂ ਦਾ ਨੋਟਿਸ*, ਕਈ ਭਾਸ਼ਾਵਾਂ ਵਿੱਚ ਅਤੇ ਬੇਨਤੀ ਕਰਨ 'ਤੇ ਵਿਕਲਪਿਕ ਫਾਰਮੈਟਾਂ ਵਿੱਚ ਸ਼ਾਮਲ ਹੈ;
2. OSPI ਦੁਆਰਾ ਰਾਜ ਦੀਆਂ ਸ਼ਿਕਾਇਤਾਂ, ਨਿਯਤ ਪ੍ਰਕਿਰਿਆ ਸੁਣਵਾਈ ਬੇਨਤੀਆਂ ਅਤੇ ਫੈਸਲੇ, ਨਿਗਰਾਨੀ, ਸੁਰੱਖਿਆ ਨੈੱਟ ਐਪਲੀਕੇਸ਼ਨਾਂ, ਵਿਚੋਲਗੀ ਸਮਝੌਤਿਆਂ, ਅਤੇ ਮੁਲਾਂਕਣ ਪ੍ਰਦਰਸ਼ਨ ਅਨੁਦਾਨ ਦੁਆਰਾ ਇਕੱਤਰ ਕੀਤੀ ਗਈ ਨਿੱਜੀ ਤੌਰ 'ਤੇ ਪਛਾਣ ਯੋਗ ਜਾਣਕਾਰੀ ਦਾ ਵੇਰਵਾ। ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਦੂਜੀਆਂ ਏਜੰਸੀਆਂ ਜਾਂ ਵਿਅਕਤੀਗਤ ਬੇਨਤੀ ਕਰਨ ਵਾਲੀ ਜਾਣਕਾਰੀ ਨਾਲ ਸਾਂਝਾ ਕਰਨ ਤੋਂ ਪਹਿਲਾਂ ਹਟਾ ਦਿੱਤਾ ਜਾਂਦਾ ਹੈ, ਜਦੋਂ ਤੱਕ ਮਾਤਾ ਜਾਂ ਪਿਤਾ ਜਾਂ ਬਾਲਗ ਵਿਦਿਆਰਥੀ ਜਾਣਕਾਰੀ ਜਾਰੀ ਕਰਨ ਲਈ ਸਹਿਮਤੀ ਨਹੀਂ ਦਿੰਦੇ ਹਨ;
3. ਉਹਨਾਂ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਸਾਰ, ਜਿਸਨੂੰ ਡਿਸਟ੍ਰਿਕਟਸ ਲਈ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਨੂੰ ਸਾਂਭਣ, ਤੀਜੀਆਂ ਪਾਰਟੀਆਂ ਨੂੰ ਪ੍ਰਗਟ ਕਰਨ, ਰੱਖਣ ਅਤੇ ਨਸ਼ਟ ਕਰਨ ਦੇ ਸਬੰਧ ਵਿੱਚ ਪਾਲਣਾ ਕਰਨੀ ਲਾਜ਼ਮੀ ਹੈ; ਅਤੇ,
4. ਫੈਮਿਲੀ ਐਜੂਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ (FERPA) ਅਤੇ 34 CFR ਪਾਰਟ 99 ਵਿੱਚ ਇਸਦੇ ਲਾਗੂ ਕਰਨ ਵਾਲੇ ਰੈਗੂਲੇਸ਼ਨਸ ਦੇ ਅਧੀਨ ਹੱਕਾਂ ਸਮੇਤ ਇਸ ਜਾਣਕਾਰੀ ਦੇ ਸਬੰਧ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਦੇ ਸਾਰੇ ਹੱਕਾਂ ਦਾ ਵਰਣਨ।

ਕਿਸੇ ਵੀ ਪੂਰੇ ਸਟੇਟ ਭਰ ਦੀ ਪਛਾਣ, ਸਥਾਨ ਜਾਂ ਮੁਲਾਂਕਣ ਗਤੀਵਿਧੀ ਤੋਂ ਪਹਿਲਾਂ (ਇਸਨੂੰ "ਚਾਈਲਡ ਫਾਈਂਡ" ਵੀ ਕਿਹਾ ਜਾਂਦਾ ਹੈ), ਅਖਬਾਰਾਂ ਵਿੱਚ ਇੱਕ ਨੋਟਿਸ ਪ੍ਰਕਾਸ਼ਿਤ ਕੀਤਾ ਜਾਣਾ ਜਾਂ ਹੋਰ ਮੀਡੀਆ ਵਿੱਚ ਜਾਂ ਦੋਵਾਂ ਵਿੱਚ, ਘੋਸ਼ਿਤ ਕੀਤਾ ਜਾਣਾ ਲਾਜ਼ਮੀ ਹੈ, ਜਿਸਦੀ ਕਾਫੀ ਲੋਕਾਂ ਤੱਕ ਪਹੁੰਚ ਹੋਵੇ, ਤਾਂ ਜੋ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਦੇ ਲੋੜਵੰਦ ਬੱਚਿਆਂ ਦਾ ਪਤਾ ਲਗਾਉਣ, ਉਹਨਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਮੁਲਾਂਕਣ ਕਰਨ ਦੀ ਗਤੀਵਿਧੀ ਰਾਹੀਂ ਸਮੁੱਚੇ ਸਟੇਟ ਦੇ ਮਾਪਿਆਂ ਨੂੰ ਸੂਚਿਤ ਕੀਤਾ ਜਾ ਸਕੇ।

# ਪਹੁੰਚ ਸਬੰਧੀ ਹੱਕ

## 34 CFR §300.613-617; WAC 392-172A-05190–05210

ਤੁਹਾਨੂੰ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਹੱਕ ਹੈ, ਜੋ IDEA ਦੇ ਪਾਰਟ B ਦੇ ਅਧੀਨ ਤੁਹਾਡੇ ਸਕੂਲ ਡਿਸਟ੍ਰਿਕਟ ਵੱਲੋਂ ਇਕੱਤਰ ਕੀਤੇ, ਸਾਂਭੇ ਜਾਂ ਵਰਤੇ ਜਾਂਦੇ ਹਨ। ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਬਿਨਾਂ ਕਿਸੇ ਅਨੁਚਿਤ ਦੇਰੀ ਦੇ ਅਤੇ ਇੱਕ IEP ਜਾਂ ਕਿਸੇ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ (ਇੱਕ ਵਿਸ਼ਲੇਸ਼ਣ ਮੀਟਿੰਗ ਜਾਂ ਡਿਸਪਲਿਨ ਸਬੰਧੀ ਇੱਕ ਵਿਸ਼ੇਸ਼ ਸਿੱਖਿਆ ਮੁਨਾਸਬ ਪ੍ਰਕਿਰਿਆ ਸੁਣਵਾਈ ਸਮੇਤ) ਦੇ ਸਬੰਧ ਵਿੱਚ ਕਿਸੇ ਵੀ ਮੀਟਿੰਗ ਤੋਂ ਪਹਿਲਾਂ ਅਤੇ ਕਿਸੇ ਵੀ ਸਥਿਤੀ ਵਿੱਚ ਤੁਹਾਡੇ ਵੱਲੋਂ ਮੰਗ ਕੀਤੇ ਜਾਣ ਤੋਂ ਬਾਅਦ 45 ਕੈਲੰਡਰ ਦਿਨਾਂ ਤੱਕ ਤੁਹਾਡੇ ਬੱਚੇ ਦੇ ਕਿਸੇ ਵੀ ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਦੀ ਤੁਹਾਡੀ ਮੰਗ ਦੀ ਪਾਲਣਾ ਕਰੇ।

ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਦੇ ਤੁਹਾਡੇ ਹੱਕ ਵਿੱਚ ਸ਼ਾਮਲ ਹੈ:

1. ਰਿਕਾਰਡਾਂ ਦੇ ਸਪਸ਼ਟੀਕਰਨਾਂ ਅਤੇ ਵਿਆਖਿਆ ਲਈ ਤੁਹਾਡੀ ਉਚਿਤ ਮੰਗ ਲਈ ਡਿਸਟ੍ਰਿਕਟ ਵੱਲੋਂ ਜਵਾਬ ਪ੍ਰਾਪਤ ਕਰਨ ਦਾ ਤੁਹਾਡਾ ਹੱਕ;
2. ਇਹ ਮੰਗ ਕਰਨ ਦਾ ਤੁਹਾਡਾ ਹੱਕ ਕਿ ਸਕੂਲ ਡਿਸਟ੍ਰਿਕਟ ਤੁਹਾਨੂੰ ਰਿਕਾਰਡਾਂ ਦੀਆਂ ਕਾਪੀਆਂ ਮੁਹੱਈਆ ਕਰੇ, ਜੇਕਰ ਤੁਸੀਂ ਰਿਕਾਰਡਾਂ ਦੀ ਅਸਰਦਾਰ ਢੰਗ ਨਾਲ ਜਾਂਚ ਜਾਂ ਸਮੀਖਿਆ ਨਹੀਂ ਕਰ ਸਕਦੇ, ਜਦੋਂ ਤੱਕ ਕਿ ਤੁਸੀਂ ਉਹ ਕਾਪੀਆਂ ਪ੍ਰਾਪਤ ਨਹੀਂ ਕਰਦੇ; ਅਤੇ
3. ਆਪਏ ਪ੍ਰਤੀਨਿਧੀ ਤੋਂ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਵਾਉਣ ਦਾ ਤੁਹਾਡਾ ਹੱਕ।

ਡਿਸਟ੍ਰਿਕਟ ਇਹ ਮੰਨੇਗਾ ਕਿ ਤੁਹਾਨੂੰ ਆਪਣੇ ਬੱਚੇ ਨਾਲ ਸਬੰਧਿਤ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਅਧਿਕਾਰ ਹੈ, ਜਦੋਂ ਤੱਕ ਕਿ ਇਹ ਸੂਚਿਤ ਨਾ ਕੀਤਾ ਜਾਏ ਕਿ ਸਰਪਰਸਤੀ, ਵੱਖਰੇ ਰਹਿਣ ਅਤੇ ਤਲਾਕ ਵਜੋਂ ਇਹਨਾਂ ਮਾਮਲਿਆਂ ਨੂੰ ਸੰਚਾਲਿਤ ਕਰਨ ਵਾਲੇ ਲਾਗੂ ਸਟੇਟ ਕਨੂੰਨ ਦੇ ਅਧੀਨ ਤੁਹਾਡੀ ਇਸਦਾ ਅਧਿਕਾਰ ਨਹੀਂ ਹੈ।

### ਪਹੁੰਚ ਦੇ ਰਿਕਾਰਡ

ਹਰੇਕ ਸਕੂਲ ਡਿਸਟ੍ਰਿਕਟ ਲਈ ਉਹਨਾਂ ਪਾਰਟੀਆਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ, ਜੋ IDEA ਦੇ ਭਾਗ B ਦੇ ਅਧੀਨ ਇਕੱਤਰ ਕੀਤੇ, ਸਾਂਭੇ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਤੱਕ ਪਹੁੰਚ ਪ੍ਰਾਪਤ ਕਰਦੇ ਹਨ, ਉਸ ਪਾਰਟੀ ਦੇ ਨਾਮ, ਜਿਸ ਤਾਰੀਖ ਨੂੰ ਪਹੁੰਚ ਦਿੱਤੀ ਗਈ ਸੀ ਅਤੇ ਉਸ ਉਦੇਸ਼ ਸਮੇਤ, ਜਿਸ ਲਈ ਪਾਰਟੀ ਨੂੰ ਰਿਕਾਰਡ ਵਰਤਣ ਦਾ ਅਧਿਕਾਰ ਦਿੱਤਾ ਗਿਆ ਸੀ। ਸਕੂਲ ਡਿਸਟ੍ਰਿਕਟਸ ਨੂੰ ਮਾਪਿਆਂ ਲਈ ਪਹੁੰਚ ਵਾਲੇ ਜਾਂ ਸਕੂਲ ਡਿਸਟ੍ਰਿਕਟ ਦੇ ਕਰਮਚਾਰੀਆਂ ਦੇ ਅਧਿਕਾਰ ਵਾਲੇ ਇਹ ਰਿਕਾਰਡ ਰੱਖਣ ਦੀ ਲੋੜ ਨਹੀਂ ਹੁੰਦੀ।

### ਇੱਕ ਤੋਂ ਵੱਧ ਬੱਚਿਆਂ ਬਾਰੇ ਰਿਕਾਰਡ

ਜੇਕਰ ਕਿਸੇ ਵੀ ਸਿੱਖਿਆ ਸੰਬੰਧੀ ਰਿਕਾਰਡ ਵਿੱਚ ਇੱਕ ਤੋਂ ਵੱਧ ਵਿਦਿਆਰਥੀਆਂ ਬਾਰੇ ਜਾਣਕਾਰੀ ਹੈ, ਤਾਂ ਤੁਹਾਨੂੰ ਸਿਰਫ ਆਪਣੇ ਬੱਚੇ ਨਾਲ ਸੰਬੰਧਿਤ ਜਾਣਕਾਰੀ ਦੀ ਜਾਂਚ ਅਤੇ ਸਮੀਖਿਆ ਕਰਨ ਜਾਂ ਉਸ ਜਾਣਕਾਰੀ ਬਾਰੇ ਸੂਚਨਾ ਪ੍ਰਾਪਤ ਕਰਨ ਦਾ ਹੱਕ ਹੈ, ਜੇਕਰ ਡਿਸਟ੍ਰਿਕਟ ਦੂਜੇ ਵਿਦਿਆਰਥੀ

ਬਾਰੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਨੂੰ ਜ਼ਾਹਰ ਕੀਤੇ ਬਿਨਾ ਤੁਹਾਨੂੰ ਉਹ ਜਾਣਕਾਰੀ ਨਹੀਂ ਦਿਖਾ ਸਕਦਾ।

### ਜਾਣਕਾਰੀ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ

ਜੇਕਰ ਤੁਸੀਂ ਇਸਦੀ ਮੰਗ ਕਰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਲਈ ਤੁਹਾਨੂੰ ਸਕੂਲ ਡਿਸਟ੍ਰਿਕਟ ਵੱਲੋਂ ਇਕੱਤਰ ਕੀਤੇ, ਸਾਂਭੇ ਗਏ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ ਮੁਹੱਈਆ ਕਰਨਾ ਲਾਜ਼ਮੀ ਹੈ।

### ਫੀਸ

ਸਕੂਲ ਡਿਸਟ੍ਰਿਕਟ ਉਹਨਾਂ ਰਿਕਾਰਡਾਂ ਦੀਆਂ ਕਾਪੀਆਂ ਲਈ ਫੀਸ ਲੈ ਸਕਦਾ ਹੈ, ਜੋ IDEA ਦੇ ਪਾਰਟ B ਦੇ ਅਧੀਨ ਤੁਹਾਡੇ ਲਈ ਬਣਾਈਆਂ ਗਈਆਂ ਹਨ, ਜੇਕਰ ਫੀਸ ਤੁਹਾਨੂੰ ਉਹਨਾਂ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦੇ ਤੁਹਾਡੇ ਹੱਕ ਨੂੰ ਅਸਰਦਾਰ ਢੰਗ ਨਾਲ ਇਸਤੇਮਾਲ ਕਰਨ ਤੋਂ ਨਹੀਂ ਰੋਕਦੀ। IDEA ਦੇ ਅਧੀਨ ਜਾਣਕਾਰੀ ਖੋਜਣ ਜਾਂ ਮੁੜ ਪ੍ਰਾਪਤ ਕਰਨ ਲਈ ਫੀਸ ਨਹੀਂ ਲਈ ਜਾ ਸਕਦੀ।

## ਮਾਪਿਆਂ ਦੀ ਮੰਗ ਤੇ ਰਿਕਾਰਡਾਂ ਵਿੱਚ ਸੋਧ

## 34 CFR §300.618–§300.621; WAC 392-172A-05215

ਜੇਕਰ ਤੁਸੀਂ ਮੰਨਦੇ ਹੋ ਕਿ ਤੁਹਾਡੇ ਬੱਚੇ ਨਾਲ ਸਬੰਧਿਤ IDEA ਦੇ ਅਧੀਨ ਇਕੱਤਰ ਕੀਤੇ, ਸਾਂਭੇ ਗਏ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਹੈ ਜਾਂ ਤੁਹਾਡੇ ਬੱਚੇ ਦੇ ਪ੍ਰਾਈਵੇਸੀ ਦੇ ਜਾ ਹੋਰਾਂ ਹੱਕਾਂ ਦੀ ਉਲੰਘਣਾ ਕਰਦੀ ਹੈ, ਤਾਂ ਤੁਸੀਂ ਡਿਸਟ੍ਰਿਕਟ ਨੂੰ ਜਾਣਕਾਰੀ ਵਿੱਚ ਤਬਦੀਲੀ ਕਰਨ ਲਈ ਕਹਿ ਸਕਦੇ ਹੋ।

ਡਿਸਟ੍ਰਿਕਟ ਲਈ ਇਹ ਨਿਰਧਾਰਤ ਕਰਨਾ ਲਾਜ਼ਮੀ ਹੈ ਕਿ ਜਾਣਕਾਰੀ ਵਿੱਚ ਤਬਦੀਲੀ ਤੁਹਾਡੀ ਮੰਗ ਦੀ ਪ੍ਰਾਪਤੀ ਦੇ ਸਮੇਂ ਦੀ ਇੱਕ ਉਚਿਤ ਮਿਆਦ ਦੇ ਅੰਦਰ ਤੁਹਾਡੀ ਮੰਗ ਦੇ ਮੁਤਾਬਕ ਹੋਵੇ।

### ਇੱਕ ਸੁਣਵਾਈ ਦਾ ਮੌਕਾ, ਸੁਣਵਾਈ ਪ੍ਰਕਿਰਿਆਵਾਂ, ਅਤੇ ਸੁਣਵਾਈ ਦੇ ਨਤੀਜੇ

ਜੇਕਰ ਤੁਹਾਡਾ ਸਕੂਲ ਡਿਸਟ੍ਰਿਕਟ ਤੁਹਾਡੀ ਮੰਗ ਦੇ ਮੁਤਾਬਕ ਜਾਣਕਾਰੀ ਵਿੱਚ ਤਬਦੀਲੀ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਉਸ ਲਈ ਲਾਜ਼ਮੀ ਹੈ ਕਿ ਉਹ ਤੁਹਾਨੂੰ ਉਸ ਫੈਸਲੇ ਬਾਰੇ ਅਤੇ ਡਿਸਟ੍ਰਿਕਟ ਵੱਲੋਂ ਸੁਣਵਾਈ ਦੇ ਤੁਹਾਡੇ ਹੱਕ ਬਾਰੇ ਤੁਹਾਨੂੰ ਸੂਚਿਤ ਕਰੇ।

ਤੁਹਾਨੂੰ ਇਹ ਯਕੀਨੀ ਬਣਾਉਣ ਲਈ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਤਬਦੀਲੀ ਨੂੰ ਚੁਣੌਤੀ ਦੇਣ ਲਈ ਇੱਕ ਸੁਣਵਾਈ ਦੀ ਮੰਗ ਕਰਨ ਦਾ ਹੱਕ ਹੈ ਕਿ ਇਹ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਤੁਹਾਡੇ ਬੱਚੇ ਦੇ ਪ੍ਰਾਈਵੇਸੀ ਦੇ ਅਤੇ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਨਹੀਂ ਹੈ। ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਜਾਣਕਾਰੀ ਦੀ ਸਫ਼ਾਈ ਪੇਸ਼ ਕਰਨ ਲਈ ਸੁਣਵਾਈ FERPA ਦੇ ਅਧੀਨ ਡਿਸਟ੍ਰਿਕਟ ਦੀਆਂ ਸੁਣਵਾਈ ਪ੍ਰਕਿਰਿਆਵਾਂ ਦੇ ਮੁਤਾਬਕ ਕੀਤੀ ਜਾਈ ਲਾਜ਼ਮੀ ਹੈ। ਇਹ ਇੱਕ ਵਿਸ਼ੇਸ਼ ਸਿੱਖਿਆ ਮੁਨਾਸਬ ਪ੍ਰਕਿਰਿਆ ਸੁਣਵਾਈ ਨਹੀਂ ਹੈ।

ਜੇਕਰ, ਸੁਣਵਾਈ ਦੇ ਨਤੀਜੇ ਵਜੋਂ, ਜ਼ਿਲ੍ਹਾ ਫੈਸਲਾ ਕਰਦਾ ਹੈ ਕਿ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਵਿਦਿਆਰਥੀ ਦੀ ਪ੍ਰਾਈਵੇਸੀ ਦੇ ਜਾਂ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਹੈ, ਤਾਂ ਉਸ ਲਈ ਮੰਗ ਮੁਤਾਬਕ ਜਾਣਕਾਰੀ ਵਿੱਚ ਤਬਦੀਲੀਆਂ ਕਰਨਾ ਅਤੇ ਤੁਹਾਨੂੰ ਲਿਖਤ ਵਿੱਚ ਉਹਨਾਂ ਤਬਦੀਲੀਆਂ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ।

ਜੇਕਰ, ਸੁਣਵਾਈ ਦੇ ਨਤੀਜੇ ਵਜੋਂ, ਜ਼ਿਲ੍ਹਾ ਫੈਸਲਾ ਕਰਦਾ ਹੈ ਕਿ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਤੁਹਾਡੇ ਬੱਚੇ ਦੀ ਪ੍ਰਾਈਵੇਸੀ ਦੇ ਜਾਂ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਨਹੀਂ ਹੈ ਤਾਂ ਉਸ ਲਈ ਤੁਹਾਨੂੰ ਇਹ ਸੂਚਿਤ ਕਰਨਾ ਲਾਜ਼ਮੀ ਹੈ ਕਿ ਤੁਹਾਨੂੰ ਜਾਣਕਾਰੀ ਤੇ ਟਿੱਪਣੀ ਕਰਦੇ ਹੋਏ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਇੱਕ ਬਿਆਨ ਰੱਖਣ ਜਾਂ ਜ਼ਿਲ੍ਹੇ ਦੇ ਨਾਲ ਤੁਹਾਡੇ ਅਸਹਿਮਤ ਹੋਣ ਦੇ ਕਾਰਨ ਮੁਹੱਈਆ ਕਰਨ ਦਾ ਹੱਕ ਹੈ।

ਜੇਕਰ ਤੁਸੀਂ ਆਪਣੇ ਬੱਚੇ ਦੇ ਰਿਕਾਰਡਾਂ ਵਿੱਚ ਇੱਕ ਬਿਆਨ ਰੱਖਣ ਦੀ ਚੋਣ ਕਰਦੇ ਹੋ ਤਾਂ ਲਾਜ਼ਮੀ ਹੈ ਕਿ ਬਿਆਨ:

1. ਤੁਹਾਡੇ ਬੱਚੇ ਦੇ ਰਿਕਾਰਡ ਦੇ ਹਿੱਸੇ ਦੇ ਤੌਰ 'ਤੇ ਜਿਲ੍ਹੇ ਸਾਂਭਿਆ ਜਾਏ, ਜਦੋਂ ਤੱਕ ਕਿ ਰਿਕਾਰਡ ਜਾਂ ਸਫ਼ਾਈ ਪੇਸ਼ ਕੀਤਾ ਭਾਗ ਸਾਂਭਿਆ ਜਾਂਦਾ ਹੈ; ਅਤੇ
2. ਜੇਕਰ ਜਿਲ੍ਹੇ ਤੁਹਾਡੇ ਬੱਚੇ ਦੇ ਰਿਕਾਰਡਾਂ ਜਾਂ ਚੁਣੌਤੀ ਦਿੱਤੇ ਗਏ ਭਾਗ ਨੂੰ ਤੀਜੀ ਪਾਰਟੀ ਦੇ ਸਨਮੁਖ ਪ੍ਰਗਟ ਕਰਦਾ ਹੈ, ਤਾਂ ਬਿਆਨ ਵੀ ਉਸ ਪਾਰਟੀ ਦੇ ਸਨਮੁਖ ਕੀਤਾ ਜਾਣਾ ਲਾਜ਼ਮੀ ਹੈ।

## ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੇ ਪ੍ਰਗਟਾਵੇ ਲਈ ਸਹਿਮਤੀ

## 34 CFR §300.622; WAC 392-172A-05225

ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੂਜਿਆਂ ਦੇ ਸਨਮੁਖ ਪ੍ਰਗਟ ਕਰਨ ਤੋਂ ਪਹਿਲਾਂ ਤੁਹਾਡੀ ਲਿਖਤੀ ਸਹਿਮਤੀ ਪ੍ਰਾਪਤ ਕਰਨਾ ਲਾਜ਼ਮੀ ਹੈ ਜਦੋਂ ਤੱਕ ਕਿ FERPA ਦੇ ਅਧੀਨ ਤੁਹਾਡੇ ਬੱਚੇ ਦੀ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਦਿੱਤੀ ਗਈ ਜਾਣਕਾਰੀ ਦੇ ਪ੍ਰਗਟਾਵੇ ਦੀ ਇਜਾਜ਼ਤ ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਨਹੀਂ ਦਿੱਤੀ ਗਈ ਹੋਵੇ। ਸਧਾਰਨ ਤੌਰ ਤੇ, IDEA ਦੇ ਪਾਰਟ ਬੀ ਦੀ ਇੱਕ ਸ਼ਰਤ ਨੂੰ ਪੂਰਾ ਕਰਨ ਦੇ ਉਦੇਸ਼ ਲਈ ਹਿੱਸਾ ਲੈਣ

ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਰਿਲੀਜ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਦੀ ਲੋੜ ਨਹੀਂ ਹੁੰਦੀ। ਹਾਲਾਂਕਿ, ਟ੍ਰਾਂਜਿਸ਼ਨ ਸੇਵਾਵਾਂ ਲਈ ਮੁਹੱਈਆ ਕਰਨ ਜਾਂ ਭੁਗਤਾਨ ਕਰਨ ਵਾਲੀਆਂ ਭਾਗ ਲੈਣ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿੱਜੀ ਪਛਾਣ ਜਾਣਕਾਰੀ ਜਾਰੀ ਹੋਣ ਤੋਂ ਪਹਿਲਾਂ, ਤੁਹਾਡੀ ਸਹਿਮਤੀ, ਜਾਂ ਜੇ ਉਹ ਬਹੁਮਤ ਦੀ ਉਮਰ 'ਤੇ ਪਹੁੰਚ ਚੁੱਕੀ ਹੈ ਤਾਂ ਤੁਹਾਡੇ ਬੱਚੇ ਦੀ ਸਹਿਮਤੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ। ਇ ਤੋਂ ਇਲਾਵਾ, ਜੇਕਰ ਤੁਹਾਡਾ ਬੱਚਾ ਕਿਸੇ ਪ੍ਰਾਈਵੇਟ ਸਕੂਲ ਵਿੱਚ ਜਾਂਦਾ ਹੈ, ਤਾਂ ਜ਼ਿਲ੍ਹਾ, ਜਿੱਥੇ ਪ੍ਰਾਈਵੇਟ ਸਕੂਲ ਸਥਿਤ ਹੈ ਅਤੇ ਜ਼ਿਲ੍ਹੇ ਵਿੱਚ ਉਹਨਾਂ ਅਧਿਕਾਰੀਆਂ ਵਿਚਕਾਰ ਜਿੱਥੇ ਤੁਹਾਡਾ ਬੱਚਾ ਰਹਿੰਦਾ ਹੈ, ਤੁਹਾਡੇ ਬੱਚੇ ਬਾਰੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਰਿਲੀਜ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਪ੍ਰਾਪਤ ਕੀਤੀ ਜਾਣੀ ਲਾਜ਼ਮੀ ਹੈ, ਜੇਕਰ ਤੁਸੀਂ ਆਪਣੇ ਨਿਵਾਸ ਸਥਾਨ ਦੇ ਜ਼ਿਲ੍ਹੇ ਵਿੱਚ ਆਪਣੇ ਬੱਚੇ ਦਾ ਦਾਖਲਾ ਕਰਾਉਣ ਦੀ ਯੋਜਨਾ ਨਹੀਂ ਬਣਾ ਰਹੇ ਹੋ।

## ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਲਈ ਸੁਰੱਖਿਆ ਉਪਾਅ34 CFR §300.623; WAC 392-172A-05230

ਤੁਹਾਡੇ ਸਕੂਲ ਜ਼ਿਲ੍ਹੇ ਨੂੰ ਇਕੱਤਰੀਕਰਨ, ਸਟੋਰੇਜ, ਪ੍ਰਗਟਾਵਾ ਅਤੇ ਅਤੇ ਨਸ਼ਟ ਕਰਨ ਦੇ ਪੜਾਵਾਂ 'ਤੇ ਨਿੱਜੀ ਰੂਪ ਨਾਲ ਪਛਾਣਨਯੋਗ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨੀ ਚਾਹੀਦੀ ਹੈ। ਸਕੂਲੀ ਜ਼ਿਲ੍ਹੇ ਦੇ ਇੱਕ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਪਛਾਣਨਯੋਗ ਜਾਣਕਾਰੀ ਦੀ ਗੁਪਤਤਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਇਕੱਠੀ ਕਰਨ ਜਾਂ ਵਰਤੋਂ ਕਰਨ ਵਾਲੇ ਸਾਰੇ ਵਿਅਕਤੀਆਂ ਨੂੰ IDEA ਅਤੇ FERPA ਦੇ ਭਾਗ B ਦੇ ਅਧੀਨ ਗੁਪਤਤਾ ਸੰਬੰਧੀ ਸਿਖਲਾਈ ਜਾਂ ਹਿਦਾਇਤ ਪ੍ਰਾਪਤ ਕਰਨੀ ਚਾਹੀਦੀ ਹੈ।

ਹਰੇਕ ਸਕੂਲ ਜ਼ਿਲ੍ਹੇ ਨੂੰ ਜਨਤਕ ਨਿਰੀਖਣ ਲਈ, ਏਜੰਸੀ ਦੇ ਅੰਦਰ ਉਹਨਾਂ ਕਰਮਚਾਰੀਆਂ ਦੇ ਨਾਮ ਅਤੇ ਅਹੁਦਿਆਂ ਦੀ ਮੌਜੂਦਾ ਸੂਚੀ ਕਾਇਮ ਰੱਖਣੀ ਚਾਹੀਦੀ ਹੈ ਜਿਨ੍ਹਾਂ ਦੀ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ।

## ਜਾਣਕਾਰੀ ਨੂੰ ਨਸ਼ਟ ਕਰਨਾ, ਰੱਖਣਾ ਅਤੇ ਸਾਂਭਣਾ

### 34 CFR §300.624; WAC 392-172A-05235

ਤੁਹਾਡੇ ਸਕੂਲ ਜ਼ਿਲ੍ਹੇ ਨੂੰ ਤੁਹਾਨੂੰ ਸੂਚਿਤ ਕਰਨਾ ਚਾਹੀਦਾ ਹੈ ਜਦੋਂ ਨਿੱਜੀ ਰੂਪ ਨਾਲ ਪਛਾਣ ਯੋਗ ਜਾਣਕਾਰੀ ਨੂੰ ਹੁਣ ਤੁਹਾਡੇ ਬੱਚੇ ਨੂੰ ਵਿਦਿਅਕ ਸੇਵਾਵਾਂ ਪ੍ਰਦਾਨ ਕਰਨ ਲਈ ਇਕੱਠਾ ਕਰਨ, ਸੰਭਾਲਣ ਜਾਂ ਵਰਤੋਂ ਕਰਨ ਦੀ ਲੋੜ ਨਹੀਂ ਹੈ।

ਇਸਦੀ ਲੋੜ ਨਾ ਰਹਿਣ ਤੇ ਤੁਹਾਡੀ ਬੇਨਤੀ 'ਤੇ ਜਾਣਕਾਰੀ ਨੂੰ ਨਸ਼ਟ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਤੁਹਾਡੇ ਬੱਚੇ ਦਾ ਨਾਮ, ਪਤਾ, ਅਤੇ ਫ਼ੋਨ ਨੰਬਰ, ਉਸਦੇ ਗ੍ਰੇਡ, ਹਾਜ਼ਰੀ ਰਿਕਾਰਡ, ਕਲਾਸਾਂ ਵਿੱਚ ਹਾਜ਼ਰੀ, ਪੂਰੇ ਕੀਤੇ ਗ੍ਰੇਡ ਪੱਧਰ, ਅਤੇ ਪੂਰੇ ਕੀਤੇ ਸਾਲ ਦਾ ਇੱਕ ਸਥਾਈ ਰਿਕਾਰਡ ਬਿਨਾਂ ਸਮਾਂ ਸੀਮਾ ਦੇ ਸਾਂਭਿਆ ਜਾ ਸਕਦਾ ਹੈ।

ਰਿਕਾਰਡ ਰੱਖਣ ਦੇ ਸੰਬੰਧ ਵਿੱਚ ਰਾਜ ਕਾਨੂੰਨ ਚੈਪਟਰ 40.14 ਵਾਸ਼ਿੰਗਟਨ ਦਾ ਸੰਸ਼ੋਧਿਤ ਕੋਡ (RCW) ਵਿੱਚ ਸ਼ਾਮਲ ਹੈ। ਕਿਸੇ ਜ਼ਿਲ੍ਹਾ ਨੂੰ ਕਿੰਨੇ ਚਿਰ ਤੱਕ ਰਿਕਾਰਡ ਕਾਇਮ ਰੱਖਣੇ ਚਾਹੀਦੇ ਹਨ, ਇਸ ਬਾਰੇ ਪ੍ਰਕਿਰਿਆਵਾਂ ਵਾਸ਼ਿੰਗਟਨ ਸੈਕਟਰੀ ਆਫ਼ ਸਟੇਟ, ਡਿਵੀਜ਼ਨ ਆਫ਼ ਆਰਕਾਈਵਸ ਅਤੇ ਰਿਕਾਰਡ ਮੈਨੇਜਮੈਂਟ ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

## ਵਿਸ਼ੇਸ਼ ਸਿੱਖਿਆ ਵਿਵਾਦ ਹੱਲ ਪ੍ਰਕਿਰਿਆਵਾਂ

ਤੁਸੀਂ ਆਪਣੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦੇ ਸਾਰੇ ਪਹਿਲੂਆਂ ਵਿੱਚ ਇੱਕ ਮਹੱਤਵਪੂਰਨ ਭਾਗੀਦਾਰ ਹੋ। ਇਹ ਸ਼ਮੂਲੀਅਤ ਤੁਹਾਡੇ ਬੱਚੇ ਦੇ ਅਰੰਭਿਕ ਰੈਫਰਲ ਤੋਂ ਸ਼ੁਰੂ ਹੁੰਦੀ ਹੈ। ਤੁਹਾਨੂੰ ਅਤੇ ਤੁਹਾਡੇ ਜ਼ਿਲ੍ਹੇ ਨੂੰ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਤੇ ਅਸਰ ਪਾਉਣ ਵਾਲੀ ਅਸਹਿਮਤੀਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜਦੋਂ ਤੁਸੀਂ ਅਤੇ ਤੁਹਾਡਾ ਸਕੂਲੀ ਜ਼ਿਲ੍ਹਾ ਅਸਹਿਮਤੀਆਂ ਨੂੰ ਨਹੀਂ ਸੁਲਝਾ ਸਕਦਾ, ਤਾਂ ਹੋਰ ਰਸਮੀ ਵਿਵਾਦ ਹੱਲ ਵਿਕਲਪ ਉਪਲਬਧ ਹੁੰਦੇ ਹਨ। ਇਹ ਵਿਕਲਪ ਵਿਚੋਲਗੀ, ਭਾਈਚਾਰਕ ਸ਼ਿਕਾਇਤਾਂ, ਅਤੇ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਹਨ।

## ਵਿਚੋਲਗੀ

### 34 CFR § 300.506; WAC 392-172A-05060–05075

#### ਸਧਾਰਨ

ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਵਿਦਿਅਕ ਪਲੇਸਮੈਂਟ, ਅਤੇ FAPE ਦੇ ਪ੍ਰਬੰਧ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਤੁਹਾਡੇ ਜਾਂ ਜ਼ਿਲ੍ਹੇ ਲਈ ਵਿਚੋਲਗੀ ਸੇਵਾਵਾਂ ਮੁਫਤ ਉਪਲਬਧ ਹਨ ਅਤੇ ਜਦੋਂ ਵੀ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਨਹੀਂ ਕੀਤੀ ਜਾਂਦੀ ਹੈ। ਵਿਚੋਲਗੀ ਸਵੈ-ਇੱਛਤ ਹੈ ਅਤੇ ਇਹ ਕਿਸੇ ਮੁਨਾਸਬ ਪ੍ਰਕਿਰਿਆ ਦੀ ਸੁਣਵਾਈ ਦੇ ਤੁਹਾਡੇ ਅਧਿਕਾਰ ਤੋਂ ਇਨਕਾਰ ਕਰਨ ਜਾਂ ਦੇਰੀ ਕਰਨ ਲਈ ਜਾਂ IDEA ਦੇ ਭਾਗ B ਦੇ ਅਧੀਨ ਦਿੱਤੇ ਗਏ ਕਿਸੇ ਹੋਰ ਅਧਿਕਾਰਾਂ ਤੋਂ ਇਨਕਾਰ ਕਰਨ ਲਈ ਨਹੀਂ ਵਰਤੀ ਜਾ ਸਕਦੀ। ਵਿਚੋਲਗੀ ਸੈਸ਼ਨ ਤੁਹਾਡੇ ਅਤੇ ਜ਼ਿਲ੍ਹੇ ਲਈ ਸੁਵਿਧਾਜਨਕ ਜਗ੍ਹਾ 'ਤੇ ਸਮਾਂਬੱਧ ਤਰੀਕੇ ਨਾਲ ਨਿਯਤ ਕੀਤੇ ਜਾਂਦੇ ਹਨ।

ਵਿਚੋਲਗੀ ਤਾਂ ਉਪਲਬਧ ਹੈ ਜੇਕਰ ਤੁਹਾਡੀ ਪ੍ਰਾਇਮਰੀ ਭਾਸ਼ਾ ਅੰਗਰੇਜ਼ੀ ਨਾ ਹੋਵੇ ਜਾਂ ਜੇਕਰ ਤੁਸੀਂ ਬੇਨਤੀ ਕੀਤੇ ਜਾਣ 'ਤੇ ਸੰਚਾਰ ਦੇ ਕਿਸੇ ਹੋਰ ਢੰਗ ਦੀ ਵਰਤੋਂ ਕਰਦੇ ਹੋ, ਜਦੋਂ ਤੱਕ ਕਿ ਅਜਿਹਾ ਕਰਨਾ ਸਪੱਸ਼ਟ ਤੌਰ 'ਤੇ ਸੰਭਵ ਨਹੀਂ ਹੈ।

ਸਕੂਲ ਜ਼ਿਲ੍ਹਾ ਅਜਿਹੀਆਂ ਪ੍ਰਕਿਰਿਆਵਾਂ ਦਾ ਵਿਕਾਸ ਕਰ ਸਕਦਾ ਹੈ ਜੋ ਵਿਚੋਲਗੀ ਪ੍ਰਕਿਰਿਆ ਦੀ ਵਰਤੋਂ ਨਾ ਕਰਨ ਦੀ ਚੋਣ ਕਰਨ ਵਾਲੇ ਮਾਪਿਆਂ ਨੂੰ ਪੇਸ਼ਕਸ਼ ਪ੍ਰਦਾਨ ਕਰਦੀਆਂ ਹਨ, ਇੱਕ ਉਦਾਸੀਨ ਧਿਰ ਨਾਲ ਤੁਹਾਡੇ ਲਈ ਸੁਵਿਧਾਜਨਕ ਸਮੇਂ ਅਤੇ ਸਥਾਨ 'ਤੇ ਮਿਲਣ ਦਾ ਮੌਕਾ:

1. ਜੋ ਇੱਕ ਮੁਨਾਸਬ ਵਿਕਲਪਿਕ ਵਿਵਾਦ ਹੱਲ ਸੰਸਥਾ, ਜਾਂ ਰਾਜ ਵਿੱਚ ਮਾਪੇ ਸਿਖਲਾਈ ਅਤੇ ਸੂਚਨਾ ਕੇਂਦਰ ਜਾਂ ਭਾਈਚਾਰਾ ਮਾਪੇ ਵਸੀਲਾ ਕੇਂਦਰ ਦੇ ਨਾਲ ਇਕਰਾਰਨਾਮੇ ਅਧੀਨ ਹੈ; ਅਤੇ
2. ਤੁਹਾਨੂੰ ਲਾਭਾਂ ਬਾਰੇ ਕੌਣ ਦੱਸੇਗਾ ਅਤੇ ਵਿਚੋਲਗੀ ਪ੍ਰਕਿਰਿਆ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੇਗਾ?

## ਵਿਚੋਲੇ ਦੀ ਨਿਰਪੱਖਤਾ

ਵਿਚੋਲਗੀ ਉਹ ਵਿਅਕਤੀ ਕਰਦਾ ਹੈ ਜੋ ਯੋਗ, ਨਿਰਪੱਖ, ਅਤੇ ਪ੍ਰਭਾਵਸ਼ਾਲੀ ਵਿਚੋਲਗੀ ਤਕਨੀਕਾਂ ਵਿਚ ਸਿਖਲਾਈ ਪ੍ਰਾਪਤ ਹੈ। ਉਸ ਵਿਅਕਤੀ ਨੂੰ ਵਿਸ਼ੇਸ਼ ਸਿੱਖਿਆ ਅਤੇ ਸੰਬੰਧਿਤ ਸੇਵਾਵਾਂ ਦੇ ਪ੍ਰਬੰਧ ਨਾਲ ਸਬੰਧਤ ਕਾਨੂੰਨਾਂ ਅਤੇ ਨਿਯਮਾਂ ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਵਿਚੋਲਗੀ ਕਰਨ ਲਈ OSPI ਬਾਹਰੀ ਏਜੰਸੀ ਨਾਲ ਸਮਝੌਤਾ ਕਰਦਾ ਹੈ। ਉਹ ਏਜੰਸੀ ਵਿਚੋਲਿਆਂ ਦੀ ਸੂਚੀ ਸਾਂਭ ਕੇ ਰੱਖਦੀ ਹੈ। ਵਿਚੋਲੇ ਨੂੰ ਬੇਤਰਤੀਬੇ, ਵਾਰੀ ਸਿਰ, ਜਾਂ ਹੋਰ ਨਿਰਪੱਖ ਆਧਾਰ 'ਤੇ ਨਿਯੁਕਤ ਕੀਤਾ ਜਾਂਦਾ ਹੈ। ਵਿਚੋਲਾ (1) OSPI, ਇੱਕ ਜ਼ਿਲ੍ਹੇ, ਜਾਂ ਕਿਸੇ ਹੋਰ ਰਾਜ ਏਜੰਸੀ ਦਾ ਕਰਮਚਾਰੀ ਨਹੀਂ ਹੋ ਸਕਦਾ ਹੈ ਜੋ ਉਸ ਬੱਚੇ ਨੂੰ ਸਿੱਧੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜੋ ਵਿਚੋਲਗੀ ਪ੍ਰਕਿਰਿਆ ਦੇ ਅਧੀਨ ਹੈ, ਅਤੇ (2)ਉਸਦਾ ਕੋਈ ਨਿੱਜੀ ਜਾਂ ਪੇਸ਼ੇਵਰ ਹਿੱਤ ਦਾ ਵਿਰੋਧ ਨਹੀਂ ਹੋ ਸਕਦਾ। ਵਿਚੋਲਗੀ ਸੈਸ਼ਨ ਤੁਹਾਡੇ ਅਤੇ ਜ਼ਿਲ੍ਹੇ ਲਈ ਸੁਵਿਧਾਜਨਕ ਸਥਾਨ 'ਤੇ ਸਮੇਂ ਸਿਰ ਨਿਯਤ ਕੀਤੇ ਜਾਂਦੇ ਹਨ।

## ਵਿਚੋਲਗੀ ਵਿਚ ਪਹੁੰਚ ਪ੍ਰਾਪਤ ਸਮਝੌਤੇ

ਜੇਕਰ ਤੁਸੀਂ ਅਤੇ ਜ਼ਿਲ੍ਹਾ ਇੱਕ ਸਮਝੌਤੇ 'ਤੇ ਪਹੁੰਚਦੇ ਹੋ, ਤਾਂ ਇਸਨੂੰ ਲਾਜ਼ਮੀ ਤੌਰ 'ਤੇ ਇੱਕ ਲਿਖਤੀ ਵਿਚੋਲਗੀ ਸਮਝੌਤੇ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ ਜਿਸ 'ਤੇ ਤੁਹਾਡੇ ਅਤੇ ਜ਼ਿਲ੍ਹੇ ਦੇ ਇੱਕ ਪ੍ਰਤੀਨਿਧੀ ਦੁਆਰਾ ਦਸਤਖਤ ਕੀਤੇ ਗਏ ਹਨ ਜੋ ਕਾਨੂੰਨੀ ਤੌਰ 'ਤੇ ਬਾਈਡਿੰਗ ਸਮਝੌਤਿਆਂ ਵਿੱਚ ਦਾਖਲ ਹੋਣ ਲਈ ਅਧਿਕਾਰਤ ਹਨ। ਵਿਚੋਲਗੀ ਸੈਸ਼ਨਾਂ ਦੌਰਾਨ ਚਰਚਾਵਾਂ ਗੁਪਤ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਵਰਤੋਂ ਕਿਸੇ ਵੀ ਸੰਘੀ ਅਦਾਲਤ ਜਾਂ ਵਾਸ਼ਿੰਗਟਨ ਰਾਜ ਦੀ ਅਦਾਲਤ ਦੀ ਕਿਸੇ ਵੀ ਮੁਨਾਸਬ ਪ੍ਰਕਿਰਿਆ ਦੀ ਸੁਣਵਾਈ ਜਾਂ ਸਿਵਲ ਕਾਰਵਾਈਆਂ ਵਿਚ ਸਬੂਤ ਵਜੋਂ ਨਹੀਂ ਕੀਤੀ ਜਾ ਸਕਦੀ। ਇਹ ਲਿਖਤੀ ਸਮਝੌਤੇ ਵਿੱਚ ਦੱਸਿਆ ਜਾਣਾ ਚਾਹੀਦਾ ਹੈ। ਹਾਲਾਂਕਿ, ਵਿਚੋਲਗੀ ਸਮਝੌਤੇ ਨੂੰ ਹੀ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ। ਵਿਚੋਲਗੀ ਸਮਝੌਤੇ ਕਾਨੂੰਨੀ ਤੌਰ 'ਤੇ ਯੋਗ ਅਧਿਕਾਰ ਖੇਤਰ ਦੀ ਕਿਸੇ ਵੀ ਰਾਜ ਅਦਾਲਤ ਜਾਂ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ ਵਿਚ ਬੰਧਨਯੋਗ ਅਤੇ ਲਾਗੂ ਹੋਣ ਯੋਗ ਹਨ।

# ਵਿਸ਼ੇਸ਼ ਸਿੱਖਿਆ ਭਾਈਚਾਰਾ ਸ਼ਿਕਾਇਤ ਜਾਂਚਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿਚਕਾਰ ਅੰਤਰ

IDEA ਦੇ ਭਾਗ B ਦੇ ਨਿਯਮਾਂ ਵਿੱਚ ਰਾਜ ਦੀਆਂ ਸ਼ਿਕਾਇਤਾਂ (ਭਾਈਚਾਰਾ ਸ਼ਿਕਾਇਤਾਂ) ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਲਈ ਵੱਖ-ਵੱਖ ਪ੍ਰਕਿਰਿਆਵਾਂ ਹਨ। ਕੋਈ ਵੀ ਵਿਅਕਤੀ ਜਾਂ ਸੰਸਥਾ OSPI ਕੋਲ ਇੱਕ ਭਾਈਚਾਰਾ ਸ਼ਿਕਾਇਤ ਫਾਈਲ ਕਰ ਸਕਦੀ ਹੈ ਜਿਸ ਵਿੱਚ ਦੋਸ਼ ਲਗਾਇਆ ਜਾ ਸਕਦਾ ਹੈ ਕਿ ਸਕੂਲ ਜ਼ਿਲ੍ਹਾ, OSPI, ਜਾਂ ਕਿਸੇ ਹੋਰ ਜਨਤਕ ਏਜੰਸੀ ਨੇ ਭਾਗ B ਲੋੜਾਂ, 34 CFR ਭਾਗ 300 ਵਿੱਚ ਸ਼ਾਮਲ ਸੰਘੀ ਨਿਯਮਾਂ, ਜਾਂ IDEA ਦੇ ਭਾਗ B ਨੂੰ ਲਾਗੂ ਕਰਨ ਵਾਲੇ ਰਾਜ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਭਾਈਚਾਰਕ ਸ਼ਿਕਾਇਤਾਂ ਦੀ ਜਾਂਚ OSPI ਦੁਆਰਾ ਸ਼ਿਕਾਇਤ ਫਾਈਲ ਕਰਨ ਵਾਲੇ ਵਿਅਕਤੀ ਦੁਆਰਾ ਪ੍ਰਦਾਨ ਕੀਤੀ ਗਈ ਉਲੰਘਣਾ ਬਾਰੇ ਜਾਣਕਾਰੀ ਦੇ ਆਧਾਰ 'ਤੇ ਅਤੇ ਸਕੂਲੀ ਜ਼ਿਲ੍ਹੇ, ਜਾਂ ਸ਼ਿਕਾਇਤ ਦਾ ਜਵਾਬ ਦੇਣ ਵਾਲੀ ਹੋਰ ਏਜੰਸੀ ਦੁਆਰਾ ਕੀਤੀ ਜਾਂਦੀ ਹੈ। ਕਥਿਤ ਉਲੰਘਣਾ ਦੇ ਇੱਕ ਸਾਲ ਦੇ ਅੰਦਰ ਭਾਈਚਾਰਕ ਸ਼ਿਕਾਇਤਾਂ ਫਾਈਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਵਿਦਿਅਕ ਪਲੇਸਮੈਂਟ, ਜਾਂ ਤੁਹਾਡੇ ਬੱਚੇ ਨੂੰ ਮੁਫਤ ਮੁਨਾਸਬ ਜਨਤਕ ਸਿੱਖਿਆ (FAPE) ਦੇ ਪ੍ਰਬੰਧ ਨਾਲ ਸਬੰਧਤ ਕਿਸੇ ਵੀ ਮਾਮਲੇ 'ਤੇ ਤੁਹਾਡੇ ਜਾਂ ਤੁਹਾਡੇ ਸਕੂਲ ਜ਼ਿਲ੍ਹੇ ਦੁਆਰਾ ਨਿਯਤ ਪ੍ਰਕਿਰਿਆ ਸੁਣਵਾਈ ਦੀਆਂ ਬੇਨਤੀਆਂ ਦਾਇਰ ਕੀਤੀਆਂ ਜਾ ਸਕਦੀਆਂ ਹਨ। ਮੁਨਾਸਬ ਪ੍ਰਕਿਰਿਆ ਦੀਆਂ ਸੁਣਵਾਈਆਂ ਇੱਕ ਪ੍ਰਬੰਧਕੀ ਕਾਨੂੰਨ ਜੱਜ (ALJ) ਦੁਆਰਾ ਕਰਵਾਈਆਂ ਜਾਂਦੀਆਂ ਹਨ, ਜੋ ਕਿ ਪ੍ਰਸ਼ਾਸਨਿਕ ਸੁਣਵਾਈਆਂ ਦੇ ਦਫ਼ਤਰ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ, ਜੋ ਇੱਕ ਸੁਤੰਤਰ ਰਾਜ ਏਜੰਸੀ ਹੈ। ਨਿਯਤ ਪ੍ਰਕਿਰਿਆ ਦੀਆਂ ਸੁਣਵਾਈਆਂ ਵਿੱਚ ਆਮ ਤੌਰ 'ਤੇ ਗਵਾਹਾਂ ਦੀ ਗਵਾਹੀ ਅਤੇ ਸਬੂਤ ਪੇਸ਼ ਕਰਨਾ ਸ਼ਾਮਲ ਹੁੰਦਾ ਹੈ। ਕਥਿਤ ਉਲੰਘਣਾ ਦੇ ਦੋ ਸਾਲਾਂ ਦੇ ਅੰਦਰ ਨਿਯਤ ਪ੍ਰਕਿਰਿਆ ਸੁਣਵਾਈ ਦੀਆਂ ਬੇਨਤੀਆਂ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ (ਸਬੂਤਾਂ ਦੀ ਗਲਤ ਪੇਸ਼ਕਾਰੀ ਜਾਂ ਜਾਣਕਾਰੀ ਨੂੰ ਰੋਕਣ ਲਈ ਕੁਝ ਅਪਵਾਦਾਂ ਦੇ ਨਾਲ।)

ਭਾਈਚਾਰਕ ਸ਼ਿਕਾਇਤਾਂ ਅਤੇ ਮੁਨਾਸਬ ਪ੍ਰਕਿਰਿਆ ਦੀ ਸੁਣਵਾਈ ਲਈ ਸਮਾਂ-ਸੀਮਾਵਾਂ ਅਤੇ ਪ੍ਰਕਿਰਿਆਵਾਂ ਦੀ ਵਿਆਖਿਆ ਹੇਠਾਂ ਦਿੱਤੀ ਗਈ ਹੈ।

# ਭਾਈਚਾਰਕ ਸ਼ਿਕਾਇਤ ਪ੍ਰਕਿਰਿਆਵਾਂ

## 34 CFR §§300.151–300.153; WAC 392-172A-05025–05045

OSPI ਦੀਆਂ ਰਾਜ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਦੀਆਂ ਪ੍ਰਕਿਰਿਆਵਾਂ ਹਨ। ਪ੍ਰਕਿਰਿਆਵਾਂ ਰਾਜ ਦੇ ਨਿਯਮਾਂ ਵਿੱਚ ਸ਼ਾਮਲ ਹਨ ਅਤੇ ਰਾਜ

ਦੀਆਂ ਸ਼ਿਕਾਇਤਾਂ ਬਾਰੇ ਜਾਣਕਾਰੀ ਵੈਬਸਾਈਟ 'ਤੇ ਦਿੱਤੀ ਗਈ ਹੈ।

ਜੇਕਰ ਤੁਸੀਂ, ਕੋਈ ਵੀ ਵਿਅਕਤੀ, ਜਾਂ ਸੰਗਠਨ ਮੰਨਦਾ ਹੈ ਕਿ ਇੱਕ ਜ਼ਿਲ੍ਹਾ, OSPI, ਜਾਂ IDEA ਦੁਆਰਾ ਨਿਯੰਤਰਿਤ ਕਿਸੇ ਹੋਰ ਵਿਦਿਅਕ ਸੰਸਥਾ ਨੇ IDEA ਦੇ ਭਾਗ B, ਭਾਗ B ਨੂੰ ਲਾਗੂ ਕਰਨ ਵਾਲੇ ਨਿਯਮਾਂ, ਜਾਂ ਸੰਬੰਧਿਤ ਰਾਜ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ, ਤੁਸੀਂ ਆਫਿਸ ਆਫ ਸੁਪਰਿਨਟੈਂਡੈਂਟ ਆਫ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction) (OSPI), ਸਪੈਸ਼ਲ ਐਜੂਕੇਸ਼ਨ, PO Box 47200, Olympia, WA 98504-7200 ਕੋਲ ਲਿਖਤੀ ਸ਼ਿਕਾਇਤ ਫਾਈਲ ਕਰ ਸਕਦੇ ਹੋ। ਤੁਹਾਨੂੰ ਸ਼ਿਕਾਇਤ ਦੀ ਇੱਕ ਕਾਪੀ ਜ਼ਿਲ੍ਹੇ ਜਾਂ ਕਿਸੇ ਹੋਰ ਏਜੰਸੀ ਨੂੰ ਪ੍ਰਦਾਨ ਕਰਨੀ ਚਾਹੀਦੀ ਹੈ ਜਿਸ ਵਿਰੁੱਧ ਤੁਸੀਂ ਸ਼ਿਕਾਇਤ ਕਰ ਰਹੇ ਹੋ।

## ਇੱਕ ਸ਼ਿਕਾਇਤ ਫਾਈਲ ਕਰਨਾ

ਲਿਖਤੀ ਸ਼ਿਕਾਇਤ 'ਤੇ ਤੁਹਾਡੇ, ਜਾਂ ਸ਼ਿਕਾਇਤ ਫਾਈਲ ਕਰਨ ਵਾਲੇ ਵਿਅਕਤੀ ਜਾਂ ਸੰਸਥਾ ਦੁਆਰਾ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਇਸ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਇੱਕ ਬਿਆਨ ਕਿ ਇੱਕ ਜ਼ਿਲ੍ਹੇ ਜਾਂ ਹੋਰ ਏਜੰਸੀ ਨੇ IDEA ਦੇ ਭਾਗ B, ਭਾਗ B ਨੂੰ ਲਾਗੂ ਕਰਨ ਵਾਲੇ ਨਿਯਮ, ਸੰਬੰਧਿਤ ਰਾਜ ਦੇ ਕਾਨੂੰਨ ਜਾਂ ਨਿਯਮਾਂ ਦੀ ਉਲੰਘਣਾ ਕੀਤੀ ਹੈ, ਜਾਂ ਇਹ ਬਿਆਨ ਕਿ ਜ਼ਿਲ੍ਹਾ ਜਾਂ ਹੋਰ ਏਜੰਸੀ ਵਿਚੋਲਗੀ ਜਾਂ ਹੱਲ ਸਮਝੌਤੇ ਨੂੰ ਲਾਗੂ ਨਹੀਂ ਕਰ ਰਹੀ ਹੈ;
- ਜ਼ਿਲ੍ਹੇ ਜਾਂ ਹੋਰ ਏਜੰਸੀ ਦਾ ਨਾਮ ਅਤੇ ਪਤਾ;
- ਵਿਦਿਆਰਥੀ ਦਾ ਨਾਮ, ਜੇਕਰ ਸ਼ਿਕਾਇਤ ਕਿਸੇ ਵਿਦਿਆਰਥੀ ਲਈ ਵਿਸ਼ੇਸ਼ ਹੈ, ਅਤੇ ਸੰਪਰਕ ਜਾਣਕਾਰੀ ਜੇਕਰ ਵਿਦਿਆਰਥੀ ਬੇਘਰ ਹੈ;
- ਉਸ ਸਕੂਲ ਦਾ ਨਾਮ ਜਿਸ ਵਿੱਚ ਵਿਦਿਆਰਥੀ ਪੜ੍ਹਦਾ ਹੈ;
- ਖਾਸ ਤੱਥਾਂ ਦੇ ਨਾਲ ਸਮੱਸਿਆ ਦਾ ਵਰਣਨ;
- ਤੁਹਾਡੇ ਵੱਲੋਂ ਸ਼ਿਕਾਇਤ ਫਾਈਲ ਕਰਨ ਸਮੇਂ ਤੁਹਾਨੂੰ ਗਿਆਤ ਜਾਣਕਾਰੀ ਅਤੇ ਤੁਹਾਡੇ ਲਈ ਉਪਲਬਧ ਇਸ ਜਾਣਕਾਰੀ ਦੀ ਸੀਮਾ ਤੱਕ ਸਮੱਸਿਆ ਦਾ ਇੱਕ ਪ੍ਰਸਤਾਵਿਤ ਹੱਲ; ਅਤੇ
- ਤੁਹਾਡਾ ਨਾਮ, ਪਤਾ, ਅਤੇ ਟੈਲੀਫੋਨ ਨੰਬਰ।

ਉਪਰੋਕਤ ਸ਼ਰਤਾਂ ਪੂਰੀਆਂ ਕਰਦੇ ਹੋਏ OSPI ਦੁਆਰਾ ਸ਼ਿਕਾਇਤ ਦੀ ਪ੍ਰਾਪਤੀ ਦੀ ਮਿਤੀ ਤੋਂ **ਇੱਕ ਸਾਲ** ਤੋਂ ਵੱਧ ਸਮੇਂ ਪਹਿਲਾਂ ਉਲੰਘਣਾ ਨਹੀਂ ਹੋਣੀ ਚਾਹੀਦੀ।

OSPI ਨੇ ਇੱਕ ਮਾਡਲ ਫਾਰਮ ਤਿਆਰ ਕੀਤਾ ਹੈ ਜਿਸਦੀ ਵਰਤੋਂ ਤੁਸੀਂ ਸ਼ਿਕਾਇਤ ਫਾਈਲ ਕਰਨ ਲਈ ਕਰ ਸਕਦੇ ਹੋ। ਇਹ ਫਾਰਮ OSPI – ਵਿਸ਼ੇਸ਼ ਸਿੱਖਿਆ – ਇੱਕ ਭਾਈਚਾਰਕ ਸ਼ਿਕਾਇਤ ਫਾਈਲ ਕਰਨਾ – ਅਕਸਰ ਪੁੱਛੇ ਜਾਣ ਵਾਲੇ ਸਵਾਲ ਅਤੇ ਬੇਨਤੀ ਫਾਰਮ ਵੈੱਬ ਪੇਜ 'ਤੇ ਉਪਲਬਧ ਹੈ। ਤੁਹਾਨੂੰ ਇਸ ਫਾਰਮ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ।

## ਸ਼ਿਕਾਇਤਦੀ ਜਾਂਚਾਂ

OSPI ਨੂੰ ਸ਼ਿਕਾਇਤ ਮਿਲਣ ਤੋਂ 60 ਕੈਲੰਡਰ ਦਿਨਾਂ ਬਾਅਦ ਜਾਂਚ ਕਰਨੀ ਚਾਹੀਦੀ ਹੈ ਅਤੇ ਇੱਕ ਲਿਖਤੀ ਫੈਸਲਾ ਜਾਰੀ ਕਰਨਾ ਚਾਹੀਦਾ ਹੈ ਜਦੋਂ ਤੱਕ ਕਿ ਸਮਾਂ ਵਧਾਉਣ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ। 60 ਦਿਨਾਂ ਦੇ ਦੌਰਾਨ, OSPI (1) ਜ਼ਿਲ੍ਹੇ ਨੂੰ ਸ਼ਿਕਾਇਤ ਦਾ ਜਵਾਬ ਦੇਣ ਦੀ ਮੰਗ ਕਰਦਾ ਹੈ; (2) ਤੁਹਾਨੂੰ ਜਾਂ ਸ਼ਿਕਾਇਤਕਰਤਾ ਨੂੰ ਸ਼ਿਕਾਇਤ ਵਿੱਚ ਦੋਸ਼ਾਂ ਬਾਰੇ ਵਾਧੂ ਜਾਣਕਾਰੀ ਪੇਸ਼ ਕਰਨ ਦਾ ਮੌਕਾ ਦਿੰਦਾ ਹੈ; (3) ਜੇਕਰ OSPI ਇਹ ਨਿਰਧਾਰਤ ਕਰਦਾ ਹੈ ਕਿ ਇਹ ਜ਼ਰੂਰੀ ਹੈ ਤਾਂ ਇੱਕ ਸੁਤੰਤਰ ਆਨ-ਸਾਈਟ ਜਾਂਚ ਕਰ ਸਕਦਾ ਹੈ; ਅਤੇ, (4) ਸਾਰੀ ਸੰਬੰਧਿਤ ਜਾਣਕਾਰੀ ਦੀ ਸਮੀਖਿਆ ਕਰਦਾ ਹੈ ਅਤੇ ਇੱਕ ਸੁਤੰਤਰ ਨਿਰਣਾ ਕਰਦਾ ਹੈ ਕਿ ਕੀ ਜ਼ਿਲ੍ਹਾ ਜਾਂ ਹੋਰ ਏਜੰਸੀ IDEA ਦੇ ਭਾਗ B ਨਾਲ ਸਬੰਧਤ ਕਿਸੇ ਲੋੜ ਦੀ ਉਲੰਘਣਾ ਕਰ ਰਹੀ ਹੈ ਜਾਂ ਨਹੀਂ।

## ਜਾਂਚ, ਵਿਸਥਾਰ, ਲਿਖਤੀ ਫੈਸਲਾ

60 ਕੈਲੰਡਰ-ਦਿਨ ਦੀ ਸਮਾਂ ਸੀਮਾ ਤਾਂ ਵਿਸਥਾਰ ਤਾਂ ਹੀ ਕੀਤਾ ਜਾ ਸਕਦਾ ਹੈ, ਜੇਕਰ: (1) ਕਿਸੇ ਖਾਸ ਸ਼ਿਕਾਇਤ ਦੇ ਸਬੰਧ ਵਿੱਚ ਅਸਧਾਰਨ ਸਥਿਤੀਆਂ ਮੌਜੂਦ ਹੋਣ; **ਜਾਂ** (2) ਤੁਸੀਂ ਅਤੇ ਸਕੂਲ ਜਿਲ੍ਹਾ ਸਵੈਇੱਛਤ ਤੌਰ 'ਤੇ ਵਿਚੋਲਗੀ ਜਾਂ ਵਿਵਾਦ ਨੂੰ ਹੱਲ ਕਰਨ ਲਈ ਕਿਸੇ ਵਿਕਲਪਿਕ ਵਿਵਾਦ ਹੱਲ ਵਿਧੀ ਰਾਹੀਂ ਸ਼ਿਕਾਇਤ ਨੂੰ ਹੱਲ ਕਰਨ ਲਈ ਸਮਾਂ ਵਧਾਉਣ ਲਈ ਲਿਖਤੀ ਰੂਪ ਵਿਚ ਸਹਿਮਤ ਹੁੰਦੇ ਹੋ।

ਇੱਕ ਲਿਖਤੀ ਫੈਸਲਾ ਤੁਹਾਨੂੰ ਜਾਂ ਸ਼ਿਕਾਇਤ ਫਾਈਲ ਕਰਨ ਵਾਲੇ ਵਿਅਕਤੀ ਨੂੰ ਅਤੇ ਸਕੂਲ ਜ਼ਿਲ੍ਹਾ ਨੂੰ ਭੇਜਿਆ ਜਾਂਦਾ ਹੈ। ਲਿਖਤੀ ਫੈਸਲੇ ਵਿੱਚ ਹਰੇਕ ਦੋਸ਼ ਤੇ ਧਿਆਨ ਦਿੱਤਾ ਜਾਵੇਗਾ। ਹਰੇਕ ਦੋਸ਼ ਲਈ, ਲਿਖਤੀ ਫੈਸਲਾ ਤੱਥਾਂ ਦੇ ਨਤੀਜੇ, ਸਿੱਟੇ, ਫੈਸਲੇ ਦੇ ਕਾਰਨ, ਅਤੇ ਉਲੰਘਣਾ ਹੋਣ ਤੇ ਸ਼ਿਕਾਇਤ ਨੂੰ ਹੱਲ ਕਰਨ ਲਈ ਜ਼ਰੂਰੀ ਸਮਝੇ ਗਏ ਕੋਈ ਵੀ ਵਾਜਬ ਸੁਧਾਰਾਤਮਕ ਉਪਾਅ ਦੱਸੇਗਾ।

## ਸ਼ਿਕਾਇਤ ਉਪਰਾਲੇ

ਜਦੋਂ OSPI ਨੂੰ ਆਪਣੀ ਸ਼ਿਕਾਇਤ ਪ੍ਰਕਿਰਿਆ ਦੁਆਰਾ ਉਚਿਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਉਲੰਘਣਾ ਜਾਂ ਅਸਫਲਤਾ ਮਿਲਦੀ ਹੈ, ਤਾਂ ਫੈਸਲੇ ਵਿੱਚ ਇਨ੍ਹਾਂ ਤੇ ਧਿਆਨ ਦਿੱਤਾ ਜਾਂਦਾ ਹੈ।

1. ਉਹਨਾਂ ਸੇਵਾਵਾਂ ਦੇ ਨਾਮਨਜ਼ੂਰੀ ਨੂੰ ਕਿਵੇਂ ਸੁਧਾਰਿਆ ਜਾਵੇ, ਜਿਸ ਵਿੱਚ ਉਚਿਤ ਤੌਰ 'ਤੇ, ਮੁਦਰਾ ਅਦਾਇਗੀ ਦਾ ਅਵਾਰਡ ਦੇਣਾ ਜਾਂ ਵਿਦਿਆਰਥੀ(ਵਿਦਿਆਰਥੀਆਂ) ਦੀਆਂ ਲੋੜਾਂ ਲਈ ਢੁਕਵੀਂ ਹੋਰ ਸੁਧਾਰਾਤਮਕ ਕਾਰਵਾਈਆਂ ਸ਼ਾਮਲ ਹੈ; ਅਤੇ

2. ਸਾਰੇ ਵਿਦਿਆਰਥੀਆਂ ਲਈ ਵਿਸ਼ੇਸ਼ ਸਿੱਖਿਆ ਸੇਵਾਵਾਂ ਦਾ ਉਚਿਤ ਭਵਿੱਖੀ ਪ੍ਰਬੰਧ।

## ਵਿਸ਼ੇਸ਼ ਸਿੱਖਿਆ ਭਾਈਚਾਰਾ ਸ਼ਿਕਾਇਤਾਂ ਅਤੇ ਬਣਦੀ ਪ੍ਰਕਿਰਿਆ ਸੁਣਵਾਈ

ਸ਼ਿਕਾਇਤ ਵਿੱਚ ਕਈ ਮੁੱਦੇ ਹਨ, ਅਤੇ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਮੁੱਦੇ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਦਾ ਭਾਗ ਹਨ, OSPI ਨੂੰ ਲਾਜ਼ਮੀ ਤੌਰ 'ਤੇ ਸ਼ਿਕਾਇਤ ਦੇ ਕਿਸੇ ਵੀ ਅਜਿਹੇ ਭਾਗ ਨੂੰ ਪਾਸੇ ਰੱਖਣਾ ਚਾਹੀਦਾ ਹੈ (ਜਾਂਚ ਨਹੀਂ ਕਰਨੀ) ਜਿਸ ਨੂੰ ਢੁਕਵੀਂ ਪ੍ਰਕਿਰਿਆ ਦੀ ਸੁਣਵਾਈ ਵਿੱਚ ਹੱਲ ਕੀਤਾ ਜਾ ਰਿਹਾ ਹੈ ਜਦ ਤੱਕ ਸੁਣਵਾਈ ਖਤਮ ਨਹੀਂ ਹੋ ਜਾਂਦੀ। ਸ਼ਿਕਾਇਤ ਵਿਚਲੇ ਕਿਸੇ ਵੀ ਮਸਲੇ ਨੂੰ, ਜੋ ਨਿਯਤ ਪ੍ਰਕਿਰਿਆ ਦੀ ਸੁਣਵਾਈ ਦਾ ਭਾਗ ਨਹੀਂ ਹਨ, ਨੂੰ ਲਾਜ਼ਮੀ ਤੌਰ 'ਤੇ ਸ਼ਿਕਾਇਤ ਦੀਆਂ ਸਮਾਂ-ਸੀਮਾਵਾਂ ਦੇ ਅੰਦਰ ਹੱਲ ਕੀਤਾ ਜਾਣਾ ਚਾਹੀਦਾ ਹੈ।

ਜੇ ਕਿਸੇ ਸ਼ਿਕਾਇਤ ਵਿੱਚ ਉਠਾਏ ਗਏ ਮੁੱਦੇ ਦਾ ਪਹਿਲਾਂ ਫੈਸਲਾ ਉਹਨਾਂ ਹੀ ਧਿਰਾਂ ਨੂੰ ਸ਼ਾਮਿਲ ਕਰਦੇ ਹੋਏ ਢੁਕਵੀਂ ਪ੍ਰਕਿਰਿਆ ਦੀ ਸੁਣਵਾਈ ਵਿੱਚ ਕੀਤਾ ਜਾ ਚੁੱਕਾ ਹੈ, ਤਾਂ ਸੁਣਵਾਈ ਦਾ ਫੈਸਲਾ ਮੰਨਣਯੋਗ ਹੁੰਦਾ ਹੈ ਅਤੇ OSPI ਨੂੰ ਲਾਜ਼ਮੀ ਤੌਰ 'ਤੇ ਸ਼ਿਕਾਇਤ ਕਰਤਾ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਹੋ ਸਕਦਾ ਹੈ ਉਹ ਉਸ ਮੁੱਦੇ ਦੀ ਜਾਂਚ ਨਾ ਕਰੇ।

OSPI ਨੂੰ ਲਾਜ਼ਮੀ ਤੌਰ 'ਤੇ ਇਹ ਇਲਜ਼ਾਮ ਲਗਾਉਂਦੇ ਹੋਏ ਸ਼ਿਕਾਇਤ ਦਾ ਹੱਲ ਕਰਨਾ ਚਾਹੀਦਾ ਹੈ ਕਿ ਇੱਕ ਜ਼ਿਲ੍ਹਾ ਨਿਯਤ ਪ੍ਰਕਿਰਿਆ ਦੇ ਫੈਸਲੇ ਨੂੰ ਲਾਗੂ ਕਰਨ ਵਿੱਚ ਅਸਫਲ ਰਿਹਾ ਹੈ।

# ਨਿਯਤ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ

## 34 CFR §§300.507-300.513; WAC 392-172A-05080–05125

### ਆਮ

ਤੁਸੀਂ ਜਾਂ ਸਕੂਲੀ ਜਿਲ੍ਹਾ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਸਿੱਖਿਆ ਸਥਾਪਨਾ ਜਾਂ ਤੁਹਾਡੇ ਬੱਚੇ ਵਾਸਤੇ ਇੱਕ FAPE ਦੀ ਸੁਵਿਧਾ ਨਾਲ ਸਬੰਧਿਤ ਕਿਸੇ ਵੀ ਮਾਮਲੇ 'ਤੇ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਬੇਨਤੀ ਦਾਇਰ ਕਰ ਸਕਦੇ ਹੋ। ਜਦ ਕੋਈ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਦਾਇਰ ਕੀਤੀ ਜਾਂਦੀ ਹੈ ਜਾਂ ਜਦ ਤੁਸੀਂ ਇਸ ਜਾਣਕਾਰੀ ਦੀ ਬੇਨਤੀ ਕਰਦੇ ਹੋ ਤਾਂ ਜਿਲ੍ਹੇ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਖੇਤਰ ਵਿੱਚ ਉਪਲਬਧ ਕਿਸੇ ਵੀ ਮੁਫ਼ਤ ਜਾਂ ਘੱਟ-ਲਾਗਤ ਵਾਲੀਆਂ ਕਨੂੰਨੀ ਅਤੇ ਹੋਰ ਸਬੰਧਿਤ ਸੇਵਾਵਾਂ ਬਾਰੇ ਸੂਚਿਤ ਕਰਨਾ ਚਾਹੀਦਾ ਹੈ। ਨਿਯਤ ਪ੍ਰਕਿਰਿਆ ਦੀਆਂ ਸੁਣਵਾਈ ਪ੍ਰਕਿਰਿਆਵਾਂ ਵਾਸਤੇ, "ਤੁਸੀਂ" ਵਿੱਚ ਤੁਹਾਡਾ ਅਟਾਰਨੀ ਸ਼ਾਮਲ ਹੁੰਦਾ ਹੈ ਜੇਕਰ ਤੁਸੀਂ ਕਿਸੇ ਅਟਾਰਨੀ ਨੂੰ ਆਪਣੇ ਕੋਲ ਰੱਖਿਆ ਹੈ, ਅਤੇ "ਜਿਲ੍ਹੇ" ਵਿੱਚ ਜਿਲ੍ਹੇ ਦਾ ਅਟਾਰਨੀ ਵੀ ਸ਼ਾਮਲ ਹੈ ਜੇਕਰ ਜਿਲ੍ਹੇ ਦੀ ਪ੍ਰਤੀਨਿਧਤਾ ਕਿਸੇ ਅਟਾਰਨੀ ਦੁਆਰਾ ਕੀਤੀ ਜਾਂਦੀ ਹੈ।

## ਫਾਇਲ ਕੀਤਾ ਜਾ ਰਿਹਾ ਹੈ

ਕਿਸੇ ਸੁਣਵਾਈ ਦੀ ਬੇਨਤੀ ਕਰਨ ਲਈ, ਤੁਹਾਨੂੰ ਜਾਂ ਜਿਲ੍ਹੇ ਨੂੰ ਲਾਜ਼ਮੀ ਤੌਰ 'ਤੇ ਦੂਜੀ ਧਿਰ ਨੂੰ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਬੇਨਤੀ ਸੌਂਪਣੀ ਚਾਹੀਦੀ ਹੈ। ਇਸ ਬੇਨਤੀ ਵਿੱਚ ਲਾਜ਼ਮੀ ਤੌਰ 'ਤੇ ਹੇਠਾਂ ਸੂਚੀਬੱਧ ਸਾਰੀ ਸਮੱਗਰੀ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਇਸਨੂੰ ਲਾਜ਼ਮੀ ਤੌਰ 'ਤੇ ਗੁਪਤ ਰੱਖਿਆ ਜਾਣਾ ਚਾਹੀਦਾ ਹੈ।

ਤੁਹਾਨੂੰ ਜਾਂ ਜਿਲ੍ਹੇ ਨੂੰ, ਜਿਸ ਕਿਸੇ ਨੇ ਵੀ ਬੇਨਤੀ ਦਾਇਰ ਕੀਤੀ ਹੋਵੇ, ਨੂੰ ਲਾਜ਼ਮੀ ਤੌਰ 'ਤੇ OSPI ਦੇ ਮਨੋਨੀਤ, ਆਫਿਸ ਆਫ ਐਡਮਿਨਿਸਟ੍ਰੇਟਿਵ ਹੀਅਰਿੰਗਜ਼ (OAH) ਨੂੰ, ਸੁਣਵਾਈ ਦੀ ਬੇਨਤੀ ਦੀ ਇੱਕ ਨਕਲ ਨਿਮਨਲਿਖਤ ਪਤੇ 'ਤੇ ਪ੍ਰਦਾਨ ਕਰਾਉਣੀ ਚਾਹੀਦੀ ਹੈ:

Office of Administrative Hearings
600 University Street, Suite 1500
Seattle, WA 98101-3126
ਫੈਕਸ: 206-587-5135

ਨਿਯਤ ਪ੍ਰਕਿਰਿਆ ਦੀ ਸੁਣਵਾਈ ਦੀ ਬੇਨਤੀ ਵਿੱਚ ਲਾਜ਼ਮੀ ਤੌਰ 'ਤੇ ਇਹ ਸ਼ਾਮਲ ਹੋਣੇ ਚਾਹੀਦੇ ਹਨ:

1. ਵਿਦਿਆਰਥੀ ਦਾ ਨਾਮ;
2. ਵਿਦਿਆਰਥੀ ਦੀ ਰਿਹਾਇਸ਼ ਦਾ ਪਤਾ;
3. ਵਿਦਿਆਰਥੀ ਦੇ ਸਕੂਲ ਦਾ ਨਾਮ;
4. ਜੇ ਵਿਦਿਆਰਥੀ ਕੋਈ ਬੇਘਰ ਬੱਚਾ ਜਾਂ ਨੌਜਵਾਨ ਹੈ, ਤਾਂ ਵਿਦਿਆਰਥੀ ਦੀ ਸੰਪਰਕ ਜਾਣਕਾਰੀ;
5. ਸਮੱਸਿਆ ਦੀ ਪ੍ਰਕਿਰਤੀ ਦਾ ਵਰਣਨ, ਜਿਸ ਵਿੱਚ ਸਮੱਸਿਆ ਨਾਲ ਸਬੰਧਿਤ ਤੱਥ ਵੀ ਸ਼ਾਮਲ ਹਨ; ਅਤੇ
6. ਉਸ ਸਮੇਂ ਤੁਹਾਡੇ ਜਾਂ ਜਿਲ੍ਹੇ ਲਈ ਜਾਣੀ-ਪਛਾਣੀ ਅਤੇ ਉਪਲਬਧ ਹੱਦ ਤੱਕ ਸਮੱਸਿਆ ਦਾ ਤਜਵੀਜ਼ ਕੀਤਾ ਹੱਲ।

## ਕਿਸੇ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ 'ਤੇ ਸੁਣਵਾਈ ਤੋਂ ਪਹਿਲਾਂ ਨੋਟਿਸ ਦੀ ਲੋੜ ਹੈ

ਹੋ ਸਕਦਾ ਹੈ ਤੁਹਾਡੀ ਜਾਂ ਜਿਲ੍ਹੇ ਕੋਲ ਨਿਯਤ ਪ੍ਰਕਿਰਿਆ ਸੁਣਵਾਈ ਤਦ ਤੱਕ ਨਾ ਹੋਵੇ ਜਦ ਤੱਕ ਤੁਸੀਂ ਜਾਂ ਜਿਲ੍ਹਾ ਦੂਜੀ ਧਿਰ ਕੋਲ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਪੂਰੀ ਨਹੀਂ ਕਰ ਲੈਂਦੇ ਅਤੇ OAH ਨੂੰ ਬੇਨਤੀ ਦੀ ਇੱਕ ਨਕਲ ਪ੍ਰਦਾਨ ਨਹੀਂ ਕਰਾਉਂਦੇ ਜਿਸ ਵਿੱਚ ਉਪਰੋਕਤ

ਸੂਚੀਬੱਧ ਜਾਣਕਾਰੀ ਵੀ ਸ਼ਾਮਲ ਹੈ।

## ਸੁਣਵਾਈ ਦੀ ਬੇਨਤੀ ਦੀ ਭਰਪੂਰਤਾ

ਇੱਕ ਨਿਯਤ ਪ੍ਰਕਿਰਿਆ ਸੁਣਵਾਈ ਬੇਨਤੀ ਨੂੰ ਅੱਗੇ ਵਧਾਉਣ ਲਈ, ਇਸਨੂੰ ਲਾਜ਼ਮੀ ਤੌਰ 'ਤੇ ਕਾਫੀ ਸਮਝਿਆ ਜਾਣਾ ਚਾਹੀਦਾ ਹੈ। *ਕਾਫੀ* ਦਾ ਮਤਲਬ ਹੈ ਕਿ ਬੇਨਤੀ *ਫਾਈਲਿੰਗ* ਦੇ ਤਹਿਤ ਉੱਪਰ ਨੋਟ ਕੀਤੀਆਂ ਸਮੱਗਰੀ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ। ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਨੂੰ ਉਦੋਂ ਤੱਕ ਕਾਫ਼ੀ ਮੰਨਿਆ ਜਾਵੇਗਾ ਜਦੋਂ ਤੱਕ ਕਿ ਜਿਸ ਧਿਰ ਨੂੰ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਪ੍ਰਾਪਤ ਹੋਈ ਹੈ, ਉਹ 15 ਕੈਲੰਡਰ ਦਿਨਾਂ ਦੇ ਅੰਦਰ ALJ ਅਤੇ ਦੂਜੀ ਧਿਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਨਹੀਂ ਕਰਦੀ ਹੈ, ਕਿ ਪ੍ਰਾਪਤ ਕਰਨ ਵਾਲੀ ਧਿਰ ਦਾ ਮੰਨਣਾ ਹੈ ਕਿ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਾਫ਼ੀ ਨਹੀਂ ਹੈ।

ਨਾਕਾਫੀ ਦੀ ਸੂਚਨਾ ਪ੍ਰਾਪਤ ਕਰਨ ਦੇ ਪੰਜ ਕੈਲੰਡਰ ਦਿਨਾਂ ਦੇ ਅੰਦਰ, ALJ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਨਿਯਤ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਉੱਪਰ ਸੂਚੀਬੱਧ ਲੋੜਾਂ ਨੂੰ ਪੂਰਾ ਕਰਦੀ ਹੈ, ਅਤੇ ਤੁਹਾਨੂੰ ਅਤੇ ਜ਼ਿਲ੍ਹੇ ਨੂੰ ਤੁਰੰਤ ਲਿਖਤੀ ਰੂਪ ਵਿੱਚ ਸੂਚਿਤ ਕਰਨਾ ਚਾਹੀਦਾ ਹੈ।

## ਸੁਣਵਾਈ ਦੀ ਬੇਨਤੀ ਦੀ ਸੋਧ

ਤੁਸੀਂ ਜਾਂ ਜ਼ਿਲ੍ਹਾ ਸੁਣਵਾਈ ਦੀ ਬੇਨਤੀ ਵਿੱਚ ਤਬਦੀਲੀਆਂ ਤਾਂ ਹੀ ਕਰ ਸਕਦੇ ਹੋ ਜੇ:

